HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 26.06.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | June 2024 | Published in Punjab | Pages 8

## ਅਮਰਨਾਥ ਯਾਤਰਾ 'ਤੇ ਅੱਤਵਾਦੀਆਂ ਦਾ ਖ਼ਤਰਾ, ਸੁਰੱਖਿਆ ਬਲ ਤੇ ਡੌਗ ਸਕੁਐਡ ਟੀਮ ਚੱਪੇ-ਚੱਪੇ ਦੀ ਲੈ ਰਹੀ ਤਲਾਸ਼ੀ



ਇਸ ਵਾਰ 29 ਜੂਨ, 2024 ਨੂੰ ਅਮਰਨਾਥ ਦੀ ਯਾਤਰਾ ਸ਼ੁਰੂ ਹੋ ਰਹੀ ਹੈ। ਯਾਤਰਾ 'ਤੇ ਜਾਣ ਵਾਲਾ ਪਹਿਲਾ ਜਥਾ ਬੇਸ ਕੈਂਪ ਭਗਵਤੀ ਨਗਰ ਤੋਂ 28 ਜੂਨ ਨੂੰ ਰਵਾਨਾ ਹੋਵੇਗਾ। ਵੱਡੀ ਗਿਣਤੀ ਵਿਚ ਲੋਕ ਇਸ ਯਾਤਰਾ 'ਤੇ ਜਾਂਦੇ ਹਨ, ਜਿਹਨਾਂ ਦੀ ਸੁਰੱਖਿਆਂ ਨੂੰ ਲੈ ਕੇ ਪੁਲਸ ਅਤੇ ਪ੍ਰਸ਼ਾਸਨ ਵਲੋਂ ਸਖ਼ਤ ਪ੍ਰੰਬਧ ਕੀਤੇ ਗਏ ਹਨ। ਅਜਿਹੇ 'ਚ ਇਸ ਯਾਤਰਾ 'ਤੇ ਅੱਤਵਾਦ ਦਾ ਖ਼ਤਰਾ ਵੀ ਬਣਿਆ ਹੋਇਆ ਹੈ, ਜਿਸ ਦੇ ਮੱਦੇਨਜ਼ਰ ਸੁਰੱਖਿਆ ਬਲ ਕਿਸੇ ਵੀ ਤਰ੍ਹਾਂ ਦੀ ਕੋਤਾਹੀ ਨਹੀਂ ਵਰਤਣਾ ਚਾਹੁੰਦੇ।ਇਹੀ ਕਾਰਨ ਹੈ ਕਿ ਭਗਵਤੀ ਨਗਰ ਬੇਸ ਕੈਂਪ ਦੇ ਆਲੇ-ਦੁਆਲੇ ਦੀਆਂ ਸਾਰੀਆਂ ਥਾਵਾਂ ਦੀ ਮੈਟਲ ਡਿਟੈਕਟਰਾਂ ਨਾਲ ਤਲਾਸ਼ੀ ਲਈ ਜਾ ਰਹੀ ਹੈ। ਇਸ ਦੇ ਨਾਲ ਹੀ ਡੌਗ ਸਕੁਐਡ ਟੀਮ ਆਸਪਾਸ ਦੇ ਇਲਾਕਿਆਂ ਦੀ ਵੀ ਪੂਰੀ ਤਰ੍ਹਾਂ ਜਾਂਚ ਕਰ ਰਹੀ ਹੈ, ਕਿਉਂਕਿ ਅਮਰਨਾਥ ਯਾਤਰਾ ਤੋਂ ਪਹਿਲਾਂ ਰਿਆਸੀ 'ਚ ਸ਼੍ਰੀ ਮਾਤਾ ਵੈਸ਼ਨੋ ਦੇਵੀ ਦੇ ਸ਼ਰਧਾਲੂਆਂ ਦੀ ਬੱਸ 'ਤੇ ਅੱਤਵਾਦੀਆਂ ਨੇ ਹਮਲਾ ਕੀਤਾ ਸੀ। ਇਸ ਤੋਂ ਬਾਅਦ ਹੀਰਾਨਗਰ 'ਚ ਅੱਤਵਾਦੀਆਂ ਨਾਲ ਮੁਕਾਬਲਾ ਹੋਇਆ। ਫਿਰ ਅੱਤਵਾਦੀਆਂ ਨੇ ਖੁਦ ਡੋਡਾ ਦੇ ਅੰਦਰ ਫਿਰ ਹਮਲਾ ਕਰ ਦਿੱਤਾ।ਹਾਲਾਂਕਿ ਸੁਰੱਖਿਆ ਏਜੰਸੀ ਨੂੰ ਅਜਿਹੇ ਇਨਪੁਟ ਮਿਲ ਰਹੇ ਹਨ ਕਿ ਇਸ ਵਾਰ ਅੱਤਵਾਦੀ ਯਾਤਰਾ 'ਚ ਵਿਘਨ ਪਾ ਸਕਦੇ ਹਨ। 4 ਹਮਲਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਮੀਟਿੰਗ ਕਰਕੇ ਕਿਹਾ ਸੀ ਕਿ ਯਾਤਰਾ 'ਚ ਕਿਸੇ ਤਰ੍ਹਾਂ ਦੀ ਲਾਪਰਵਾਹੀ ਨਹੀਂ ਹੋਣੀ ਚਾਹੀਦੀ ਅਤੇ ਯਾਤਰਾ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਸੁਰੱਖਿਆ ਬਲਾਂ ਨੂੰ ਦਿੱਤੀ ਹੈ। ਇਹੀ ਕਾਰਨ ਹੈ ਕਿ ਸੁਰੱਖਿਆ ਵਿਚ ਕੋਈ ਢਿੱਲ ਨਹੀਂ ਹੈ।

## ਯੋਗੀ ਕੈਬਨਿਟ ਦਾ ਵੱਡਾ ਫੈਸਲਾ, ਔਰਤਾਂ ਤੇ ਬੱਚਿਆਂ ਖਿਲਾਫ ਅਪਰਾਧ ਕਰਨ ਵਾਲਿਆਂ ਨੂੰ ਨਹੀਂ ਮਿਲੇਗੀ ਅਗਾਊਂ ਜ਼ਮਾਨਤ



ਸੂਬੇ ਵਿੱਚ ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧ ਕਰਨ ਵਾਲਿਆਂ ਨੂੰ ਅਗਾਊਂ ਜ਼ਮਾਨਤ ਨਹੀਂ ਮਿਲ ਸਕੇਗੀ। ਕੇਂਦਰ ਸਰਕਾਰ ਦੇ ਨਵੇਂ ਅਪਰਾਧਿਕ ਕਾਨੂੰਨਾਂ ਵਿੱਚ ਅਗਾਊਂ ਜ਼ਮਾਨਤ ਦੀਆਂ ਵਿਵਸਥਾਵਾਂ ਦੇ ਮੱਦੇਨਜ਼ਰ ਰਾਜ ਸਰਕਾਰ ਨੇ ਇੱਕ ਸੋਧ ਆਰਡੀਨੈਂਸ ਲਿਆਂਦਾ ਹੈ। ਭਾਰਤੀ ਸਿਵਲ ਡਿਫੈਂਸ ਕੋਡ (ਉੱਤਰ ਪ੍ਰਦੇਸ਼ ਸੋਧ) ਆਰਡੀਨੈਂਸ 2024 ਦੇ ਖਰੜੇ ਨੂੰ ਮੰਗਲਵਾਰ ਨੂੰ ਕੈਬਨਿਟ ਵਿੱਚ ਮਨਜ਼ੂਰੀ ਦਿੱਤੀ ਗਈ। ਰਾਜਪਾਲ ਦੀ ਸਹਿਮਤੀ ਤੋਂ ਬਾਅਦ ਗ੍ਰਹਿ ਵਿਭਾਗ ਇਸ ਦਾ ਨੋਟੀਫਿਕੇਸ਼ਨ ਜਾਰੀ ਕਰੇਗਾ। ਵਿੱਤ ਮੰਤਰੀ ਸੁਰੇਸ਼ ਖੰਨਾ ਨੇ ਕਿਹਾ ਕਿ ਭਾਰਤੀ ਸੁਰੱਖਿਆ ਜ਼ਾਬਤਾ 2023 ਵਿੱਚ ਅਜਿਹੇ ਵਿਅਕਤੀ ਨੂੰ ਅਗਾਊਂ ਜ਼ਮਾਨਤ ਦੇਣ ਲਈ ਵਿਵਸਥਾ ਕੀਤੀ ਗਈ ਹੈ, ਜਿਸ ਦੀ ਗ੍ਰਿਫਤਾਰੀ ਦਾ ਸ਼ੱਕ ਹੈ। ਉੱਤਰ ਪ੍ਰਦੇਸ਼ ਦੇ ਖਾਸ ਹਾਲਾਤਾਂ ਦੇ ਮੱਦੇਨਜ਼ਰ ਇਸ ਵਿੱਚ ਸੋਧ ਕਰਨਾ ਜ਼ਰੂਰੀ ਹੈ। ਸੂਬਾ ਸਰਕਾਰ ਇਸ ਲਈ ਆਰਡੀਨੈਂਸ ਲੈ ਕੇ ਆਈ ਹੈ। ਇਸ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧਾਂ ਪ੍ਰਤੀ ਰਾਜ ਸਰਕਾਰ ਦੀ ਜ਼ੀਰੋ ਟਾਲਰੈਂਸ ਦੀ ਨੀਤੀ ਕਾਰਨ ਅਗਾਊਂ ਜ਼ਮਾਨਤ ਨਹੀਂ ਹੋਵੇਗੀ। ਇਸ ਨਾਲ ਔਰਤਾਂ ਅਤੇ ਬੱਚਿਆਂ ਦੇ ਮਨਾਂ ਵਿੱਚ ਰਾਜ ਅਤੇ ਕਾਨੂੰਨ ਦੇ ਅਧਿਕਾਰ ਪ੍ਰਤੀ ਅਟੁੱਟ ਵਿਸ਼ਵਾਸ ਪੈਦਾ ਹੋਵੇਗਾ।ਅਗਾਊਂ ਜ਼ਮਾਨਤ ਨਾ ਮਿਲਣ ਕਾਰਨ ਜਿਨਸੀ ਅਪਰਾਧਾਂ ਦੀ ਜਾਂਚ ਅਤੇ ਜੈਵਿਕ ਅਤੇ ਵਿਗਿਆਨਕ ਸਬੂਤ ਇਕੱਠੇ ਕੀਤੇ ਜਾਣ ਦਾ ਕੰਮ ਤੇਜ਼ੀ ਨਾਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਪੀੜਤ ਵਿਅਕਤੀ ਦੇ ਡਰ, ਦਬਾਅ ਆਦਿ ਦੀ ਸੰਭਾਵਨਾ ਦਾ ਵੀ ਹੱਲ ਕੀਤਾ ਜਾ ਸਕਦਾ ਹੈ। ਇਸ ਤਹਿਤ ਪੋਕਸੋ ਐਕਟ ਦੀਆਂ ਧਾਰਾਵਾਂ 64, 65, 66, 68, 69, 70 ਅਤੇ 71 ਬਲਾਤਕਾਰ ਨਾਲ ਸਬੰਧਤ ਕੇਸ ਵੀ ਸ਼ਾਮਲ ਕੀਤੇ ਗਏ ਹਨ।

ਧਰਮ ਪਰਿਵਰਤਨ, ਨਸ਼ੀਲੇ ਪਦਾਰਥ, ਸੰਗਠਿਤ ਅਪਰਾਧ ਵੀ ਦਾਇਰੇ 'ਚ

ਆਰਡੀਨੈਂਸ ਵਿੱਚ ਦੇਸ਼ ਵਿਰੋਧੀ ਜਾਂ ਸਰਕਾਰੀ ਗਤੀਵਿਧੀਆਂ (ਯੂ.ਏ.ਪੀ.ਏ. ਐਕਟ), ਗੈਰ-ਕਾਨੂੰਨੀ ਧਰਮ ਪਰਿਵਰਤਨ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਸੰਗਠਿਤ ਅਪਰਾਧ, ਅਧਿਕਾਰਤ ਸੀਕਰੇਟਸ ਐਕਟ ਵੀ ਸ਼ਾਮਲ ਹਨ। ਇਨ੍ਹਾਂ ਮਾਮਲਿਆਂ ਦੇ ਮੁਲਜ਼ਮ ਵੀ ਅਗਾਊਂ ਜ਼ਮਾਨਤ ਨਹੀਂ ਲੈ ਸਕਣਗੇ। ਇਸ ਤੋਂ ਇਲਾਵਾ ਅਜਿਹੇ ਮਾਮਲਿਆਂ 'ਚ ਅਗਾਊਂ ਜ਼ਮਾਨਤ ਨਹੀਂ ਮਿਲੇਗੀ, ਜਿਨ੍ਹਾਂ 'ਚ ਮੌਤ ਦੀ ਸਜ਼ਾ ਹੋ ਸਕਦੀ ਹੈ।

## ਵਾਲ-ਵਾਲ ਬਚੇ ਕੇਂਦਰੀ ਮੰਤਰੀ ਜੋਤੀਰਾਦਿਤਿਆ ਸਿੰਧੀਆ



ਮੱਧ ਪ੍ਰਦੇਸ਼ ਦੇ ਸ਼ਿਵਪੁਰੀ 'ਚ ਕੇਂਦਰੀ ਮੰਤਰੀ ਜੋਤੀਰਾਦਿਤਿਆ ਸਿੰਧੀਆ ਦੇ ਪ੍ਰੋਗਰਾਮ 'ਚ ਵੱਡਾ ਹਾਦਸਾ ਵੇਖਣ ਨੂੰ ਮਿਲਿਆ ਹੈ। ਸਿੰਧੀਆ ਦੇ ਸਮਾਗਮ ਵਾਲੀ ਥਾਂ 'ਤੇ ਲੱਗਾ ਟੈਂਟ ਤੇਜ਼ ਤੂਫਾਨ ਕਾਰਨ ਡਿੱਗ ਗਿਆ। ਸਿੰਧੀਆ ਦੇਰ ਰਾਤ ਸ਼ਿਵਪੁਰੀ ਵਿਚ ਇਕ ਧੰਨਵਾਦ ਸਭਾ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਤੇਜ਼ ਮੀਂਹ ਅਤੇ ਹਨੇਰੀ ਸ਼ੁਰੂ ਹੋ ਗਈ, ਜਿਸ ਕਾਰਨ ਸਮਾਗਮ ਵਾਲੀ ਥਾਂ 'ਤੇ ਲਾਇਆ ਟੈਂਟ ਡਿੱਗ ਗਿਆ। ਗਨੀਮਤ ਇਹ ਰਹੀ ਕਿ ਸਿੰਧੀਆ ਅਤੇ ਮੌਕੇ 'ਤੇ ਮੌਜੂਦ ਲੋਕ ਸੁਰੱਖਿਅਤ ਬਚ ਗਏ। ਹਾਦਸੇ ਵਿਚ ਕਿਸੇ ਜਾਨੀ ਨੁਕਸਾਨ ਦੀ ਕੋਈ ਸੂਚਨਾ ਨਹੀਂ ਹੈ। ਸੂਤਰਾਂ ਅਨੁਸਾਰ ਜਿਵੇਂ ਹੀ ਟੈਂਟ ਡਿੱਗਿਆ, ਬਿਜਲੀ ਸਪਲਾਈ ਤੁਰੰਤ ਬੰਦ ਕਰ ਦਿੱਤੀ ਗਈ, ਤਾਂ ਜੋ ਕਰੰਟ ਲੱਗਣ ਆਦਿ ਦੀ ਕੋਈ ਘਟਨਾ ਨਾ ਵਾਪਰ ਸਕੇ। ਸਿੰਧੀਆ ਗੁਨਾ-ਸ਼ਿਵਪੁਰੀ ਹਲਕੇ ਤੋਂ ਸੰਸਦ ਮੈਂਬਰ ਬਣਨ ਤੋਂ ਬਾਅਦ ਕੱਲ੍ਹ ਪਹਿਲੀ ਵਾਰ ਸ਼ਿਵਪੁਰੀ ਪਹੁੰਚੇ, ਜਿੱਥੇ ਉਨ੍ਹਾਂ ਨੇ ਧੰਨਵਾਦ ਸਭਾ ਕੀਤੀ।

ਸਿੰਧੀਆ ਗੁਨਾ ਤੋਂ ਸ਼ਿਵਪੁਰੀ ਵਿਚ ਦਾਖ਼ਲ ਹੋਏ ਅਤੇ ਉਸ ਤੋਂ ਬਾਅਦ ਭਾਰੀ ਜਨ ਸਮਰਥਨ ਦਰਮਿਆਨ ਉਨ੍ਹਾਂ ਨੇ ਜਨਤਾ ਦਾ ਆਸ਼ੀਰਵਾਦ ਲਿਆ। ਸ਼ਾਮ ਦੇ ਸਮੇਂ ਸਿੰਧੀਆ ਦੀ ਸਭਾ ਸ਼ਹਿਰ ਦੇ ਮਾਧਵ ਚੌਕ 'ਤੇ ਹੋ ਰਹੀ ਸੀ। ਇਸ ਦੌਰਾਨ ਤੇਜ਼ ਹਵਾ ਨਾਲ ਮੀਂਹ ਸ਼ੁਰੂ ਹੋ ਗਿਆ। ਮੰਚ 'ਤੇ ਸਿੰਧੀਆ ਸਮੇਤ ਉਨ੍ਹਾਂ ਦੇ ਸਮਰਥਕ ਅਤੇ ਵਿਧਾਇਕ ਮੌਜੂਦ ਸਨ। ਵੇਖਦੇ ਹੀ ਵੇਖਦੇ ਅਚਾਨਕ ਤੇਜ਼ ਹਵਾ ਆਉਣ ਲੱਗੀ ਅਤੇ ਉਸ ਤੋਂ ਬਾਅਦ ਮੰਚ ਦਾ ਟੈਂਟ ਡਿੱਗ ਗਿਆ। ਸਮਰਥਕਾਂ ਨੇ ਸਿੰਧੀਆ ਨੂੰ ਚਾਰੋਂ ਪਾਸਿਓਂ ਘੇਰ ਲਿਆ ਅਤੇ ਸੁਰੱਖਿਅਤ ਬਾਹਰ ਕੱਢਿਆ। ਘਟਨਾ ਮਗਰੋਂ ਪ੍ਰੋਗਰਾਮ ਨੂੰ ਮੁਲਤਵੀ ਕਰ ਦਿੱਤਾ ਗਿਆ। ਸਿੰਧੀਆ ਸ਼ਿਵਪੁਰੀ ਤੋਂ ਸਿੱਧੇ ਗਵਾਲੀਅਰ ਪਹੁੰਚੇ, ਜਿੱਥੇ ਉਹ ਰਾਤ ਲੱਗਭਗ 11 ਵਜੇ ਦਿੱਲੀ ਲਈ ਟਰੇਨ ਤੋਂ ਰਵਾਨਾ ਹੋ ਜਾਣਗੇ।

## ਸੰਸਦ 'ਚ ਮੋਦੀ ਸਰਕਾਰ 3.0 ਦਾ ਪਹਿਲਾ ਇਮਤਿਹਾਨ



ਲੋਕ ਸਭਾ ਸਪੀਕਰ ਦੀ ਚੋਣ ਨੂੰ ਲੈ ਕੇ ਅੱਜ ਸੰਸਦ ਵਿਚ ਚੋਣਾਂ ਹੋ ਰਹੀਆਂ ਹਨ। ਨੈਸ਼ਨਲ ਡੈਮੋਕ੍ਰੇਟਿਕ ਅਲਾਇੰਸ (NDA) ਨੇ ਰਾਜਸਥਾਨ ਦੇ ਕੋਟਾ ਤੋਂ ਤੀਜੀ ਵਾਰ ਸੰਸਦ ਮੈਂਬਰ ਓਮ ਬਿਰਲਾ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਉੱਥੇ ਹੀ ਵਿਰੋਧੀ ਧਿਰ 'ਇੰਡੀਆ' ਗਠਜੋੜ ਨੇ ਕੇਰਲ ਦੀ ਮਵੇਲੀਕਾਰਾ ਸੀਟ ਤੋਂ 8 ਵਾਰ ਸੰਸਦ ਮੈਂਬਰ ਕੇ. ਸੁਰੇਸ਼ ਨੂੰ ਮੈਦਾਨ ਵਿਚ ਉਤਾਰਿਆ ਹੈ। ਸੰਸਦ ਵਿਚ ਆਵਾਜ਼ ਮਤ ਰਾਹੀਂ ਓਮ ਬਿਰਲਾ ਨੂੰ ਲੋਕ ਸਭਾ ਦਾ ਸਪੀਕਰ ਚੁਣ ਲਿਆ ਗਿਆ। ਓਮ ਬਿਰਲਾ ਦੂਜੀ ਵਾਰ ਲੋਕ ਸਭਾ ਸਪੀਕਰ ਚੁਣੇ ਗਏ ਹਨ। ਦੱਸ ਦੇਈਏ ਕਿ ਇਸ ਤੋਂ ਪਹਿਲਾਂ 1952 ਅਤੇ 1976 ਵਿਚ ਵੀ ਸਪੀਕਰ ਦੀ ਚੋਣ ਲਈ ਵੋਟਿੰਗ ਹੋਈ ਸੀ। ਪ੍ਰਧਾਨ ਮੰਤਰੀ ਮੋਦੀ ਨੇ ਸਪੀਕਰ ਦੇ ਅਹੁਦੇ ਲਈ ਓਮ ਬਿਰਲਾ ਦੇ ਨਾਂ ਦਾ ਪ੍ਰਸਤਾਵ ਰੱਖਿਆ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਸ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਲਲਨ ਸਿੰਘ ਨੇ ਓਮ ਬਿਰਲਾ ਦੇ ਨਾਂ ਦਾ ਪ੍ਰਸਤਾਵ ਵੀ ਰੱਖਿਆ। ਡਾ: ਰਾਜਕੁਮਾਰ ਸਾਂਗਵਾਨ ਨੇ ਇਸ ਪ੍ਰਸਤਾਵ ਨੂੰ ਪ੍ਰਵਾਨਗੀ ਦਿੱਤੀ। ਦਰਅਸਲ NDA ਅਤੇ ਵਿਰੋਧੀ ਧਿਰ ਵਿਚਾਲੇ ਆਮ ਸਹਿਮਤੀ ਨਹੀਂ ਬਣ ਸਕੀ। NDA ਨੇ ਵਿਰੋਧੀ ਧਿਰ ਦੀਆਂ ਸ਼ਰਤਾਂ ਨੂੰ ਸਵੀਕਾਰ ਨਹੀਂ ਕੀਤਾ, ਜਿਸ ਕਾਰਨ ਸਪੀਕਰ ਦੀ ਚੋਣ ਕਰਵਾਈ ਜਾ ਰਹੀ ਹੈ। ਦੱਸਣਯੋਗ ਹੈ ਕਿ 543 ਮੈਂਬਰੀ ਲੋਕ ਸਭਾ 'ਚ ਇਸ ਸਮੇਂ 542 ਸੰਸਦ ਮੈਂਬਰ ਹਨ ਕਿਉਂਕਿ ਕੇਰਲ ਦੀ ਵਾਇਨਾਡ ਸੀਟ ਰਾਹੁਲ ਗਾਂਧੀ ਦੇ ਅਸਤੀਫੇ ਤੋਂ ਬਾਅਦ ਖਾਲੀ ਹੋਈ ਹੈ। 293 ਸੰਸਦ ਮੈਂਬਰਾਂ ਵਾਲੇ NDA ਕੋਲ ਸਦਨ ਵਿਚ ਸਪੱਸ਼ਟ ਬਹੁਮਤ ਹੈ। ਜਦੋਂ ਕਿ ਵਿਰੋਧੀ ਧਿਰ 'ਇੰਡੀਆ ਗਠਜੋੜ' ਦੇ 233 ਸੰਸਦ ਮੈਂਬਰ ਹਨ। ਜਦੋਂ ਕਿ ਹੋਰ ਪਾਰਟੀਆਂ ਜੋ ਨਾ ਤਾਂ NDA ਅਤੇ ਨਾ ਹੀ ਇੰਡੀਆ ਬਲਾਕ ਦਾ ਹਿੱਸਾ ਹਨ, ਦੇ 16 ਸੰਸਦ ਮੈਂਬਰ ਹਨ। ਇਨ੍ਹਾਂ ਵਿਚ ਕੁਝ ਆਜ਼ਾਦ ਉਮੀਦਵਾਰ ਵੀ ਸ਼ਾਮਲ ਹਨ।

## ਆਯੁਸ਼ਮਾਨ ਭਾਰਤ ਯੋਜਨਾ ਤੋਂ ਵਾਂਝੇ ਲੋਕਾਂ ਲਈ ਝਾਰਖੰਡ ਚ ਸ਼ੁਰੂ ਹੋਵੇਗੀ ਸਿਹਤ ਸੰਭਾਲ ਯੋਜਨਾ



ਝਾਰਖੰਡ ਸਰਕਾਰ ਛੇਤੀ ਹੀ ਉਨ੍ਹਾਂ ਲੋਕਾਂ ਲਈ ਸਿਹਤ ਸੰਭਾਲ ਯੋਜਨਾ ਸ਼ੁਰੂ ਕਰੇਗੀ ਜੋ ਕੇਂਦਰ ਦੀ ਆਯੁਸ਼ਮਾਨ ਭਾਰਤ ਯੋਜਨਾ ਦੇ ਲਾਭ ਤੋਂ ਵਾਂਝੇ ਰਹਿ ਗਏ ਹਨ। ਰਾਜ ਸਰਕਾਰ ਦੇ ਇਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਕਿਹਾ ਕਿ ਸਰਕਾਰ ਗਰੀਬਾਂ ਨੂੰ ਸਸਤੇ ਭਾਅ 'ਤੇ ਐਲਪੀਜੀ ਸਿਲੰਡਰ ਮੁਹੱਈਆ ਕਰਵਾਉਣ ਦੀ ਯੋਜਨਾ 'ਤੇ ਵੀ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਸਿਹਤ ਸੰਭਾਲ ਯੋਜਨਾ ਤਹਿਤ ਹਰੇਕ ਪਰਿਵਾਰ ਨੂੰ 15 ਲੱਖ ਰੁਪਏ ਤੱਕ ਦਾ ਲਾਭ ਦਿੱਤਾ ਜਾਵੇਗਾ।ਅਧਿਕਾਰੀ ਨੇ ਦੱਸਿਆ ਕਿ ਮੁੱਖ ਮੰਤਰੀ ਚੰਪਾਈ ਸੋਰੇਨ ਨੇ ਅਧਿਕਾਰੀਆਂ ਨੂੰ ਸਾਰੀਆਂ ਪ੍ਰਕਿਰਿਆਵਾਂ ਪੂਰੀਆਂ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਇਸ ਯੋਜਨਾ ਨੂੰ ਜਲਦੀ ਤੋਂ ਜਲਦੀ ਸ਼ੁਰੂ ਕੀਤਾ ਜਾ ਸਕੇ। ਸੋਰੇਨ ਨੇ ਸਿਹਤ, ਮੈਡੀਕਲ ਸਿੱਖਿਆ ਅਤੇ ਪਰਿਵਾਰ ਭਲਾਈ ਵਿਭਾਗ ਅਤੇ ਖੁਰਾਕ, ਜਨਤਕ ਵੰਡ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਕੰਮ ਦੀ ਸਮੀਖਿਆ ਕਰਦੇ ਹੋਏ ਇਹ ਨਿਰਦੇਸ਼ ਦਿੱਤੇ। ਝਾਰਖੰਡ ਵਿੱਚ ਇਸ ਸਾਲ ਦੇ ਅੰਤ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ।

## ਕੀਨੀਆ 'ਚ ਹਿੰਸਕ ਪ੍ਰਦਰਸ਼ਨ ਵਿਚਾਲੇ ਭਾਰਤ ਨੇ ਆਪਣੇ ਨਾਗਰਿਕਾਂ ਲਈ ਜਾਰੀ ਕੀਤੀ ਐਡਵਾਈਜ਼ਰੀ



ਕੀਨੀਆ ਵਿੱਚ ਭਾਰਤੀ ਹਾਈ ਕਮਿਸ਼ਨ ਨੇ ਮੰਗਲਵਾਰ ਨੂੰ ਭਾਰਤੀ ਨਾਗਰਿਕਾਂ ਨੂੰ ਅਫਰੀਕੀ ਦੇਸ਼ ਵਿੱਚ ਹਿੰਸਕ ਪ੍ਰਦਰਸ਼ਨ ਕਾਰਨ ਪੈਦਾ ਹੋਈ "ਤਣਾਅਪੂਰਨ" ਸਥਿਤੀ ਦੇ ਮੱਦੇਨਜ਼ਰ "ਬਹੁਤ ਸਾਵਧਾਨੀ" ਵਰਤਣ ਦੀ ਸਲਾਹ ਦਿੱਤੀ ਹੈ। ਕੀਨੀਆ ਦੀ ਸੰਸਦ ਵੱਲੋਂ ਟੈਕਸਾਂ ਨੂੰ ਵਧਾਉਣ ਦਾ ਪ੍ਰਸਤਾਵ ਰੱਖਣ ਵਾਲਾ ਵਿਵਾਦਤ ਬਿੱਲ ਪਾਸ ਕੀਤੇ ਜਾਣ ਤੋਂ ਬਾਅਦ ਕੀਨੀਆ ਦੀ ਰਾਜਧਾਨੀ ਨੈਰੋਬੀ ਅਤੇ ਦੇਸ਼ ਭਰ ਦੇ ਹੋਰ ਸ਼ਹਿਰਾਂ ਵਿੱਚ ਹਿੰਸਕ ਝੜਪਾਂ ਅਤੇ ਪ੍ਰਦਰਸ਼ਨ ਸ਼ੁਰੂ ਹੋ ਗਏ। ਭਾਰਤੀ ਹਾਈ ਕਮਿਸ਼ਨ ਨੇ ਇੱਕ ਐਡਵਾਈਜ਼ਰੀ ਵਿੱਚ ਕਿਹਾ, "ਮੌਜੂਦਾ ਤਣਾਅਪੂਰਨ ਸਥਿਤੀ ਨੂੰ ਦੇਖਦੇ ਹੋਏ ਕੀਨੀਆ ਵਿੱਚ ਸਾਰੇ ਭਾਰਤੀਆਂ ਨੂੰ ਬਹੁਤ ਸਾਵਧਾਨੀ ਵਰਤਣ, ਗੈਰ-ਜ਼ਰੂਰੀ ਆਵਾਜਾਈ ਨੂੰ ਸੀਮਤ ਕਰਨ ਅਤੇ ਸਥਿਤੀ ਦੇ ਆਮ ਹੋਣ ਤੱਕ ਵਿਰੋਧ ਅਤੇ ਹਿੰਸਾ ਪ੍ਰਭਾਵਿਤ ਖੇਤਰਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।" ਇੱਕ ਅਧਿਕਾਰਤ ਅਨੁਮਾਨ ਅਨੁਸਾਰ, ਲਗਭਗ 20,000 ਭਾਰਤੀ ਇਸ ਸਮੇਂ ਕੀਨੀਆ ਵਿੱਚ ਰਹਿ ਰਹੇ ਹਨ।




## ਕਿੱਥੋਂ ਆ ਰਿਹਾ ਚਿੱਟਾ, ਜਲਦ ਖੁੱਲ੍ਹੇਗੀ ਪੋਲ! ਨਸ਼ੇ ਨੂੰ ਜੜ੍ਹੋਂ ਪੁੱਟਣ ਲਈ ਜ਼ਿਲ੍ਹਾ ਪੁਲਿਸ ਵੱਲੋਂ ਮਿਸ਼ਨ ਸ਼ੁਰੂ

ਫਾਜ਼ਿਲਕਾ ਪੁਲਿਸ ਨੇ ਮੰਗਲਵਾਰ ਤੋਂ ਜ਼ਿਲੇ ‘ਚ ਮਿਸ਼ਨ ਨਿਸ਼ਚੈ ਦੀ ਸ਼ੁਰੂਆਤ ਕੀਤੀ ਹੈ, ਜਿਸ ਦੀ ਜਾਣਕਾਰੀ ਐੱਸਐੱਸਪੀ ਡਾ. ਪ੍ਰਗਿਆ ਜੈਨ ਨੇ ਪ੍ਰੈੱਸ ਕਾਨਫਰੰਸ ਵਿਚ ਦਿੱਤੀ। ਐੱਸ.ਐੱਸ.ਪੀ. ਦਾ ਕਹਿਣਾ ਹੈ ਕਿ ਇਸ ਮਿਸ਼ਨ ਦਾ ਇੱਕ ਹੀ ਮਕਸਦ ਹੈ ਕਿ ਨਸ਼ੇ ਨੂੰ ਜੜ੍ਹ ਤੋਂਖ਼ਤਮ ਕਰਨਾ, ਜਿਸ ਵਿਚ ਇਲਾਕੇ ਦੇ ਲੋਕਾਂ ਦੇ ਸਹਿਯੋਗ ਦੀ ਲੋੜ ਹੈ। ਸਾਰੀ ਜਾਣਕਾਰੀ ਪੁਲਿਸ ਨੂੰ ਦਿੱਤੀ ਜਾਵੇ ਤਾਂਕਿ ਨਸ਼ਾ ਕਾਰੋਬਾਰੀਆਂ ਨੂੰ ਫੜਿਆ ਜਾ ਸਕੇ।
ਫਾਜ਼ਿਲਕਾ ਦੀ ਐਸ.ਐਸ.ਪੀ ਡਾ.ਪ੍ਰਗਿਆ ਜੈਨ ਨੇ ਦੱਸਿਆ ਕਿ ਪਿਛਲੇ 7 ਦਿਨਾਂ ਵਿਚ ਫਾਜ਼ਿਲਕਾ ਪੁਲਿਸ ਨੇ 120 ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿਚੋਂ 53 ਨਸ਼ਾ ਤਸਕਰ ਹਨ, ਇੰਨਾ ਹੀ ਨਹੀਂ ਪਿਛਲੇ 3 ਮਹੀਨਿਆਂ ਵਿਚ 955 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿਚ 155 ਨਸ਼ਾ ਤਸਕਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਤਿੰਨ ਮਹੀਨਿਆਂ ਦੌਰਾਨ 73 ਕੇਸ ਐਨ.ਡੀ.ਪੀ.ਐਸ. ਤਹਿਤ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚ 23 ਕਿਲੋ 880 ਗ੍ਰਾਮ ਹੈਰੋਇਨ, 7 ਕਿਲੋ 760 ਗ੍ਰਾਮ ਅਫੀਮ, 182 ਕਿਲੋ ਭੁੱਕੀ, 26 ਲੱਖ ਤੋਂ ਵੱਧ ਦੀ ਡਰੱਗ ਮਨੀ, ਡਰੱਗ ਮਨੀ ਬਰਾਮਦ ਹੋਈ ਹੈ। 3 ਕਰੋੜ ਤੋਂ ਵੱਧ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ।
ਐਸਐਸਪੀ ਦਾ ਕਹਿਣਾ ਹੈ ਕਿ ਮਿਸ਼ਨ ਨਿਸ਼ਚੈ ਦਾ ਇੱਕੋ-ਇੱਕ ਉਦੇਸ਼ ਨਸ਼ੇ ਦਾ ਖਾਤਮਾ ਕਰਨਾ ਹੈ ਇਸ ਲਈ ਉਨ੍ਹਾਂ ਨੇ ਇਲਾਕੇ ਦੇ ਲੋਕਾਂ ਨੂੰ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਮਿਸ਼ਨ ਨਿਸ਼ਚੈ ਦਾ ਪਹਿਲਾ ਕਦਮ ਨਸ਼ਾ ਤਸਕਰਾਂ ਨੂੰ ਫੜ ਕੇ ਸਲਾਖਾਂ ਪਿੱਛੇ ਭੇਜਣਾ ਹੈ। ਦੂਜਾ, ਤੁਹਾਡੇ ਕੋਲ ਜੋ ਵੀ ਜਾਣਕਾਰੀ ਹੈ, ਪੁਲਿਸ ਨਾਲ ਸਾਂਝੀ ਕਰੋ। ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਅਤੇ ਪਤਾ ਗੁਪਤ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਪੁਲਿਸ ਦੇ ਤੀਜੇ ਕਦਮ ਤਹਿਤ ਪੁਲਿਸ ਪਿੰਡ-ਪਿੰਡ ਜਾ ਕੇ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਵਿਸ਼ੇਸ਼ ਕਿੱਟਾਂ ਮੁਹੱਈਆ ਕਰਵਾਏਗੀ, ਜਿਸ ਨੂੰ ਪੁਲਿਸ ਦੇ ਨਾਲ ਸੰਪਰਕ ਕਰਨ ਦਾ ਜ਼ਰੀਆ ਦੱਸਿਆ ਗਿਆ ਹੈ। ਐਸ.ਐਸ.ਪੀ ਨੇ ਇਲਾਕੇ ਦੇ ਲੋਕਾਂ ਨੂੰ ਨਸ਼ਾ ਤਸਕਰਾਂ ਨੂੰ ਜ਼ਮਾਨਤ ਦੇਣ ਤੋਂ ਬਚਣ ਦੀ ਅਪੀਲ ਵੀ ਕੀਤੀ ਹੈ। ਨਸ਼ਾ ਵੇਚਣ ਵਾਲੇ ਜਾਂ ਨਸ਼ਾ ਵੇਚਣ ਵਾਲੇ ਵਿਅਕਤੀ ਨੂੰ ਜ਼ਮਾਨਤ ਨਹੀਂ ਦਿੱਤੀ ਜਾਣੀ ਚਾਹੀਦੀ।

## ਹੈਰੀਟੇਜ ਸਟਰੀਟ 'ਤੇ ਪੁਲਸ ਦੀ ਵੱਡੀ ਕਾਰਵਾਈ, ਨਜਾਇਜ਼ ਕਬਜ਼ਿਆਂ 'ਤੇ ਚੱਲਿਆ ਪੀਲਾ ਪੰਜਾ



ਅੱਜ ਨਗਰ ਨਿਗਮ ਅੰਮ੍ਰਿਤਸਰ ਅਤੇ ਟ੍ਰੈਫਿਕ ਪੁਲਸ ਅੰਮ੍ਰਿਤਸਰ ਦੇ ਵੱਡੇ ਅਧਿਕਾਰੀਆਂ ਨੇ ਹੈਰੀਟੇਜ ਸਟਰੀਟ ਤੇ ਸੜਕਾਂ ਅਤੇ ਫੁੱਟਪਾਥਾਂ 'ਤੇ ਕੀਤੇ ਕਬਜ਼ਿਆਂ ਨੂੰ ਹਟਾਉਣ ਲਈ ਸਾਂਝਾ ਅਭਿਆਨ ਚਲਾਇਆ ਹੈ। ਇਸ ਦੌਰਾਨ ਪੁਲਸ ਅਧਿਕਾਰੀਆਂ ਨੇ ਕਾਫ਼ੀ ਕਬਜ਼ਿਆਂ ਨੂੰ ਹਟਾਇਆ ਗਿਆ ਹੈ। ਦੱਸ ਦੇਈਏ ਇਸ ਤੋਂ ਪਹਿਲਾਂ ਵੀ ਪੁਲਸ ਨੇ ਕਈ ਵਾਰ ਚਿਤਾਵਨੀ ਦਿੱਤੀ ਸੀ ਕਿ ਨਾਜਾਇਜ਼ ਕਬਜ਼ੇ ਹਟਾਏ ਜਾਣ ਪਰ ਲੋਕਾਂ ਨੇ ਇਨ੍ਹਾਂ ਦੀ ਗੱਲ ਦੇ ਗੌਰ ਨਹੀਂ ਕੀਤੀ, ਜਿਸ ਤੋਂ ਬਾਅਦ ਪੁਲਸ ਨੇ ਇਹ ਕਦਮ ਚੁੱਕਣ ਲਈ ਮਜ਼ਬੂਰ ਹੋਣਾ ਪਿਆ। ਦਰਅਸਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗਲਿਆਰੇ ਵਾਲੇ ਪਾਸੇ ਕੁਝ ਰੇਹੜੀ-ਫੜ੍ਹੀ ਵਾਲਿਆਂ ਵੱਲੋਂ ਨਾਜਾਇਜ਼ ਕਬਜ਼ਿਆਂ ਦੀਆਂ ਸ਼ਿਕਾਇਤਾਂ ਅਤੇ ਕੁਝ ਦੁਕਾਨਦਾਰਾਂ ਵੱਲੋਂ ਸੜਕਾਂ ਤੇ ਨਾਜਾਇਜ਼ ਤੌਰ ਤੇ ਆਪਣੀਆਂ ਦੁਕਾਨਾਂ ਦਾ ਵਿਸਥਾਰ ਕਰਕੇ ਕਬਜ਼ਾ ਕਰਨ ਦੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ।
ਇਸ ਕਾਰਵਾਈ ਵਿੱਚ ਟਰੱਕਾਂ, ਟਿੱਪਰਾਂ ਅਤੇ ਜੇ.ਸੀ.ਬੀ ਮਸ਼ੀਨਾਂ ਦੀ ਵਰਤੋਂ ਕੀਤੀ ਗਈ ਅਤੇ ਸਾਰੇ ਨਜਾਇਜ਼ ਕਬਜ਼ੇ ਹਟਾਏ ਗਏ। ਪੁਲਸ ਨੇ ਦੱਸਿਆ ਪਿਛਲੇ ਤੋਂ ਦਿਨਾਂ ਤੋਂ ਸੜਕਾਂ ਅਤੇ ਫੁੱਟਪਾਥਾਂ 'ਤੇ ਕੀਤੇ ਕਬਜ਼ਿਆਂ ਨੂੰ ਹਟਾਉਣ ਲਈ ਹੈ। ਮੁਹਿੰਮ ਚਲਾਈ ਜਾ ਰਹੀ ਹੈ। ਦੱਸ ਦੇਈਏ ਕਿ ਨਗਰ ਨਿਗਮ ਅੰਮ੍ਰਿਤਸਰ ਅਤੇ ਟ੍ਰੈਫ਼ਿਕ ਪੁਲਸ ਅੰਮ੍ਰਿਤਸਰ ਨੇ ਸਮੂਹ ਦੁਕਾਨਦਾਰਾਂ ਅਤੇ ਕਬਜ਼ਾਧਾਰੀਆਂ ਨੂੰ ਇਸ ਵਿਰਾਸਤੀ ਸੜਕ 'ਤੇ ਕਬਜ਼ਾ ਨਾ ਕਰਨ ਲਈ ਕਈ ਵਾਰ ਚਿਤਾਵਨੀ ਵੀ ਦਿੱਤੀ ਸੀ ਕਿਉਂਕਿ ਰੋਜ਼ਾਨਾ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਇਤਿਹਾਸਕ ਸਥਾਨਾਂ ਦੇ ਦਰਸ਼ਨਾਂ ਲਈ ਆਉਂਦੇ ਹਨ ਅਤੇ ਉਨ੍ਹਾਂ ਨੂੰ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ ।

## ਸ਼੍ਰੋਮਣੀ ਕਮੇਟੀ ਅਧਿਕਾਰੀਆਂ ਵੱਲੋਂ ਪਰਿਕਰਮਾ ਦੇ ਸਮੂਹ ਮੁਲਾਜ਼ਮਾਂ ਨਾਲ ਮੀਟਿੰਗ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਪਰਿਕਰਮਾ ’ਚ ਸੇਵਾ ਕਰਨ ਵਾਲੇ ਸਮੂਹ ਮੁਲਾਜ਼ਮਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਉਣ ਵਾਲੀ ਸੰਗਤ ਨੂੰ ਮੱਥਾ ਟੇਕਣ ਵੇਲੇ ਕਿਸੇ ਤਰ੍ਹਾਂ ਦੀ ਮੁਸ਼ਕਲ ਨਾ ਹੋਵੇ, ਇਨ੍ਹਾਂ ਪ੍ਰਬੰਧਾਂ ਸਬੰਧੀ ਪ੍ਰਕਿਰਮਾ ਦੇ ਸਮੂਹ ਮੁਲਾਜ਼ਮਾਂ ਨਾਲ ਮੈਨੇਜਰ ਰਜਿੰਦਰ ਸਿੰਘ ਰੂਬੀ, ਸਤਨਾਮ ਸਿੰਘ ਝਬਾਲ ਅਤੇ ਪਰਿਕਰਮਾ ਇੰਚਾਰਜ ਮਲਕੀਤ ਸਿੰਘ ਗਿਲਵਾਰੀ ਅਤੇ ਗੁਲਵੇਰ ਸਿੰਘ ਵੱਲੋਂ ਮੁਲਾਜ਼ਮਾਂ ਨੂੰ ਸੰਬੋਧਿਤ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ।
ਇਸ ਦੌਰਾਨ ਇਨ੍ਹਾਂ ਆਗੂਆਂ ਨੇ ਸਾਂਝੇ ਤੌਰ ’ਤੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਪ੍ਰਬੰਧਾ ਅਤੇ ਪਰਿਕਰਮਾ ਦੀ ਸੇਵਾ ਸੰਭਾਲ ਲਈ ਸੇਵਾਦਾਰਾਂ ਦੀ ਮੀਟਿੰਗ ਕੀਤੀ ਗਈ ਹੈ। ਦਰਬਾਰ ਸਾਹਿਬ ਅਤੇ ਪਰਿਕਰਮਾ ਵਿਚ ਦਿਨ ਰਾਤ 24 ਘੰਟੇ ਡਿਊਟੀ ਕਰਨ ਵਾਲੇ ਮੁਲਾਜ਼ਮਾ ਕੋਲੋਂ ਸੁਝਾਅ ਲਏ ਗਏ। ਉਨ੍ਹਾਂ ਦੀਆਂ ਦੁੱਖ ਤਕਲੀਫਾਂ ਸੁਣਦੇ ਹੋਏ ਉਨ੍ਹਾਂ ਦਾ ਹੱਲ ਕਰਵਾਉਣ ਦਾ ਪੂਰਾ ਭਰੋਸਾ ਦਿੱਤਾ ਗਿਆ ਅਤੇ ਨਾਲ ਹੀ ਇਹ ਹਦਾਇਤਾਂ ਵੀ ਦਿੱਤੀਆਂ ਗਈਆਂ ਕਿ ਬਾਹਰੋਂ ਆਉਣ ਵਾਲੀ ਸੰਗਤ ਨਾਲ ਮੁਲਾਜ਼ਮਾਂ ਵੱਲੋਂ ਕਿਸ ਤਰ੍ਹਾਂ ਪਿਆਰ ਸਤਿਕਾਰ ਨਾਲ ਗੱਲਬਾਤ ਕਰਦੇ ਹੋਏ ਚੰਗਾ ਵਤੀਰਾ ਕਰਨਾ ਹੈ।
ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਸੱਚਖੰਡ ਹਰਿਮੰਦਰ ਸਾਹਿਬ ਵਿਚ ਫੋਟੋਗ੍ਰਾਫਰੀ, ਵੀਡੀਓਗ੍ਰਾਫੀ ਦੇ ਨਾਲ-ਨਾਲ ਸੈਲਫੀਆਂ ਕਰਨ ਵਾਲੇ ਸ਼ਰਧਾਲੂਆਂ ਨੂੰ ਸਾਡੇ ਮੁਲਾਜ਼ਮ ਪਿਆਰ ਸਤਿਕਾਰ ਨਾਲ ਰੋਕਦੇ ਹਨ। ਉਨ੍ਹਾਂ ਨਾਲ ਕੋਈ ਮਾੜਾ ਵਤੀਰਾ ਨਾ ਕੀਤਾ ਜਾਵੇ।

## PSEB ਨੇ ਖੋਲ੍ਹਿਆ ਰਜਿਸਟ੍ਰੇਸ਼ਨ/ ਕੰਟੀਨਿਊਏਸ਼ਨ ਪੋਰਟਲ



ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਾਰੇ ਸਬੰਧਿਤ ਸਕੂਲਾ ਦੇ ਲਈ ਸੈਸ਼ਨ 2024-25 ਲਈ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਕਰਨ ਲਈ ਆਨਲਾਈਨ ਪੋਰਟਲ ਖੋਲ੍ਹ ਦਿੱਤਾ ਗਿਆ ਹੈ। 9ਵੀਂ ਅਤੇ 11ਵੀਂ ਜਮਾਤ ਦੇ ਵਿਦਿਆਰਥੀਆਂ ਲਈ 26 ਜੂਨ ਤੋਂ 21 ਅਗਸਤ ਤੱਕ ਬਿਨਾਂ ਲੇਟ ਫ਼ੀਸ, 22 ਅਗਸਤ ਤੋਂ 17 ਸਤੰਬਰ ਤੱਕ 500 ਪ੍ਰਤੀ ਵਿਦਿਆਰਥੀ ਲੇਟ ਫ਼ੀਸ ਦੇ ਨਾਂਲ ਅਤੇ 18 ਸਤੰਬਰ ਤੋਂ 9 ਅਕਤੂਬਰ ਤੱਕ 1500 ਪ੍ਰਤੀ ਵਿਦਿਆਰਥੀ ਸ਼ਡਿਊਲ ਨਿਰਧਾਰਿਤ ਕੀਤਾ ਗਿਆ ਹੈ। ਇਸੇ ਤਰ੍ਹਾਂ 10ਵੀਂ ਅਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਲਈ 4 ਜੁਲਾਈ ਤੋਂ 28 ਅਗਸਤ ਤੱਕ ਬਿਨਾਂ ਲੇਟ ਫੀਸ, 29 ਅਗਸਤ ਤੋਂ 17 ਸਤੰਬਰ ਤੱਕ 500 ਤੱਕ ਪ੍ਰਤੀ ਵਿਦਿਆਰਥੀ ਲੇਟ ਫ਼ੀਸ ਦੇ ਨਾਲ ਅਤੇ 18 ਸਤੰਬਰ ਤੋਂ 9 ਅਕਤੂਬਰ ਤੱਕ 1500 ਰੁਪਏ ਪ੍ਰਤੀ ਵਿਦਿਆਰਥੀ ਲੇਟ ਫ਼ੀਸ ਦੇ ਨਾਲ ਸ਼ਡਿਊਲ ਨਿਰਧਾਰਿਤ ਕੀਤਾ ਗਿਆ ਹੈ। ਬੋਰਡ ਨੇ ਸਪੱਸ਼ਟ ਕੀਤਾ ਹੈ ਕਿ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਕਰਨ ਲਈ ਬੋਰਡ ਵੱਲੋਂ ਨਿਰਧਾਰਿਤ ਜਾਰੀ ਸ਼ਡਿਊਲ 'ਚ ਹੀ ਬਣਦੀ ਫ਼ੀਸ ਅਤੇ ਜੁਰਮਾਨਾ ਫ਼ੀਸ ਦੇ ਨਾਲ ਇਹ ਕੰਮ ਪੂਰਾ ਕਰਵਾਇਆ ਜਾਣਾ ਅਤਿ ਜ਼ਰੂਰੀ ਹੈ ਕਿਉਂਕਿ ਨਿਰਧਾਰਿਤ ਸ਼ਡਿਊਲ ਤੋਂ ਬਾਅਦ ਇਸ ਦੇ ਸਮੇਂ ਵਿਚ ਹੋਰ ਵਾਧਾ ਨਹੀਂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਬੋਰਡ ਨੇ ਕਿਹਾ ਕਿ ਸਕੂਲ ਮੁਖੀ ਬਿਨਾਂ ਲੇਟ ਫ਼ੀਸ ਦਿੱਤੇ ਸਮੇਂ ਦੌਰਾਨ ਹੀ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਦਾ ਕੰਮ ਪੂਰਾ ਕਰਵਾਉਣ। ਬਿਨਾਂ ਲੇਟ ਫ਼ੀਸ ਸਮਾਂ ਨਿਕਲ ਜਾਣ ਤੋਂ ਬਾਅਦ ਜੇਕਰ ਕਿਸੇ ਸਕੂਲ ਮੁਖੀ ਵੱਲੋਂ ਜੁਰਮਾਨਾ ਮੁਆਫ਼ੀ ਲਈ ਅਰਜ਼ੀ ਦਿੱਤੀ ਜਾਂਦੀ ਹੈ ਤਾਂ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਇਸੇ ਤਰ੍ਹਾਂ ਜੇਕਰ ਕਿਸੇ ਵੀ ਵਿਦਿਆਰਥੀ ਦੀ ਐਂਟਰੀ ਕਿਸੇ ਵੀ ਕਾਰਨ ਰਹਿ ਜਾਂਦੀ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ/ਮੁਲਾਜ਼ਮ ਦੀ ਹੋਵੇਗੀ। ਅਜਿਹੇ ਵਿਦਿਆਰਥੀਆਂ ਦੇ ਨਿਰਧਾਰਿਤ ਸ਼ਡਿਊਲ ਤੋਂ ਬਾਅਦ ਆਨਲਾਈਨ ਐਂਟਰੀ ਰਜਿਸਟ੍ਰੇਸ਼ਨ ਕਰਨ ਦਾ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

## ਅਕਾਲੀ ਦਲ 'ਚ ਬਾਗ਼ੀ ਸੁਰਾਂ ਨੇ ਫੜਿਆ ਜ਼ੋਰ, 'ਸ਼੍ਰੋਮਣੀ ਅਕਾਲੀ ਦਲ ਬਚਾਓ' ਲਹਿਰ ਦਾ ਕੀਤਾ ਜਾਵੇਗਾ ਆਗਾਜ਼

ਸ਼੍ਰੋਮਣੀ ਅਕਾਲੀ ਦਲ 'ਚ ਬੀਤੇ ਕਈ ਦਿਨਾਂ ਤੋਂ ਬਗਾਵਤ ਦੇ ਸੁਰ ਛਿੜਨ ਦੀਆਂ ਚਰਚਾਵਾਂ ਸਾਹਮਣੇ ਆ ਰਹੀਆਂ ਸਨ। ਹੁਣ ਸ਼੍ਰੋਮਣੀ ਅਕਾਲੀ ਦਲ ’ਚ ਉਸ ਵੇਲੇ ਬਾਗੀ ਸੁਰਾਂ ਨੇ ਉਸ ਵੇਲੇ ਜ਼ੋਰ ਫੜ ਲਿਆ, ਜਦੋਂ ਅਕਾਲੀ ਦਲ ਦੇ ਕੁਝ ਸੀਨੀਅਰ ਲੀਡਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੋਂ ਅਸਿੱਧੇ ਤੌਰ ’ਤੇ ਅਸਤੀਫਾ ਮੰਗ ਲਿਆ ਅਤੇ ‘ਸ਼੍ਰੋਮਣੀ ਅਕਾਲੀ ਦਲ ਬਚਾਓ ਲਹਿਰ’ ਦਾ ਆਗਾਜ਼ ਪਹਿਲੀ ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋ ਕੇ ਅਰਦਾਸ ਕਰਨ ਉਪਰੰਤ ਕਰਨ ਦਾ ਐਲਾਨ ਕੀਤਾ। ਇਹ ਜਾਣਕਾਰੀ ਇਥੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਿਕੰਦਰ ਸਿੰਘ ਮਲੂਕਾ ਤੇ ਹੋਰਨਾਂ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ।
ਜਾਣਕਾਰੀ ਅਨੁਸਾਰ ਜਲੰਧਰ ’ਚ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਦੀ ਇਕ ਉੱਚ ਪੱਧਰੀ ਮੀਟਿੰਗ ਹੋਈ, ਜਿਸ ’ਚ ਸ਼੍ਰੋਮਣੀ ਅਕਾਲੀ ਦਲ ਦੀ ਆਏ ਦਿਨ ਹੋ ਰਹੀ ਮਾੜੀ ਹਾਲਤ ਬਾਰੇ ਖੁੱਲ੍ਹ ਕੇ ਵਿਚਾਰ-ਚਰਚਾ ਕੀਤੀ ਗਈ। ਮੀਟਿੰਗ ’ਚ ਇਨ੍ਹਾਂ ਲੀਡਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਤਿਆਗ ਦੀ ਭਾਵਨਾ ਦਿਖਾਉਣ ਲਈ ਕਿਹਾ ਅਤੇ ਕਿਸੇ ਨਿਰਪੱਖ ਰਾਜਨੀਤਕ ਤੇ ਧਾਰਮਿਕ ਸੁਮੇਲ ਵਾਲੀ ਸ਼ਖਸੀਅਤ ਨੂੰ ਅਗਵਾਈ ਕਰਨ ਲਈ ਅਪੀਲ ਕੀਤੀ ਗਈ।
ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਿੱਤਾ ਜਾਵੇਗਾ ਲਿਖਤੀ ਖਿਮਾ ਜਾਚਨਾ ਪੱਤਰ
ਪ੍ਰੋ. ਚੰਦੂਮਾਜਰਾ ਤੇ ਸਿਕੰਦਰ ਸਿੰਘ ਮਲੂਕਾ ਨੇ ਦੱਸਿਆ ਕਿ ਮੀਟਿੰਗ ’ਚ ਫੈਸਲਾ ਲਿਆ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਅਰਸ਼ ਤੋਂ ਫਰਸ਼ ’ਤੇ ਆਉਣ ਲਈ ਪਿਛਲੇ ਸਮੇਂ ’ਚ ਸਰਕਾਰ ਵੇਲੇ ਤੇ ਪਾਰਟੀ ’ਚ ਹੋਈਆਂ ਕੁਤਾਹੀਆਂ ਲਈ ਪਹਿਲੀ ਜੁਲਾਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਲਿਖ਼ਤੀ ਖਿਮਾ ਜਾਚਨਾ ਪੱਤਰ ਦਿੱਤਾ ਜਾਵੇਗਾ।ਇਸ ਦੌਰਾਨ ਇਕ ਮਤਾ ਪਾਸ ਕਰਦਿਆਂ ਅੱਜ ਦੇ ਦਿਨ ਜੋ ਦੇਸ਼ ਵਿਚ ਸਮੇਂ ਦੀ ਹਕੂਮਤ ਵੱਲੋਂ ਐਮਰਜੈਂਸੀ ਲਗਾਈ ਗਈ ਸੀ, ਦੀ ਸਰਬਸੰਮਤੀ ਨਾਲ ਨਿੰਦਾ ਕੀਤੀ ਗਈ। ਇਹ ਮਤਾ ਵੀ ਪਾਸ ਕੀਤਾ ਗਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਰਿਹਾਈ ਦੀ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਜਾਵੇਗੀ।
ਇਕ ਮਤੇ ’ਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਣਾਈ ਗਈ ਝੂੰਦਾ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਨਾ ਕਰਨ ਦੀ ਨਿੰਦਾ ਕੀਤੀ ਗਈ ਅਤੇ ਉਨ੍ਹਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਗਈ। ਮਤੇ ’ਚ ਕਿਹਾ ਗਿਆ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕੀਤਾ ਜਾਵੇਗਾ, ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਤੇ ਮੌਜੂਦਾ ਜਲ ਸੰਕਟ ਦੇ ਹੱਲ ਲਈ ਯਤਨ ਕੀਤੇ ਜਾਣਗੇ, ਪੰਜਾਬ ਦੀ ਆਰਥਿਕ ਮੰਦੀ, ਜੋ ਪਿਛਲੇ ਲੰਬੇ ਸਮੇਂ ਤੋਂ ਹੋ ਰਹੀ ਹੈ, ਬਾਰੇ ਵਿਚਾਰ-ਵਟਾਂਦਰਾ ਕਰਕੇ ਆਪਣਾ ਬਣਦਾ ਯੋਗਦਾਨ ਪਾਇਆ ਜਾਵੇਗਾ।

ਇਸ ਮੌਕੇ ਪੰਜਾਬ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਅਤੇ ਵਧ ਰਹੀ ਅਰਾਜਕਤਾ ਦੇ ਮਾਹੌਲ ਬਾਰੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ’ਚ ਬੀਬੀ ਕਿਰਨਜੀਤ ਕੌਰ, ਭਾਈ ਮਨਜੀਤ ਸਿੰਘ, ਸੁੱਚਾ ਸਿੰਘ ਛੋਟੇਪੁਰ, ਗੁਰਪ੍ਰਤਾਪ ਸਿੰਘ ਵਡਾਲਾ, ਗਗਨਜੀਤ ਸਿੰਘ ਬਰਨਾਲਾ, ਹਰਿੰਦਰਪਾਲ ਸਿੰਘ ਟੌਹੜਾ, ਬੀਬੀ ਹਰਜੀਤ ਕੌਰ ਤਲਵੰਡੀ, ਪਰਮਿੰਦਰ ਸਿੰਘ ਢੀਂਡਸਾ, ਪਰਵਿੰਦਰ ਪਾਲ ਸਿੰਘ ਰਿਟਾਇਰ ਪੀ.ਸੀ.ਐੱਸ. ਸਮੇਤ ਵੱਖ-ਵੱਖ ਸਖਸ਼ੀਅਤਾਂ ਸ਼ਾਮਲ ਹੋਈਆਂ।
ਇਨ੍ਹਾਂ ਤੋਂ ਇਲਾਵਾ ਸੀਨੀਅਰ ਲੀਡਰਸ਼ਿਪ ਵਿਚ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਬੀਬੀ ਜਗੀਰ ਕੌਰ, ਸਿਕੰਦਰ ਸਿੰਘ ਮਲੂਕਾ, ਪਰਮਿੰਦਰ ਸਿੰਘ ਢੀਂਡਸਾ, ਗੁਰਪ੍ਰਤਾਪ ਸਿੰਘ ਵਡਾਲਾ ਸਾਰੇ ਕੋਰ ਕਮੇਟੀ ਮੈਂਬਰ, ਸੰਤਾ ਸਿੰਘ ਉਮੈਦਪੁਰੀ, ਭਾਈ ਮਨਜੀਤ ਸਿੰਘ, ਬੀਬੀ ਸਤਵਿੰਦਰ ਕੌਰ ਧਾਲੀਵਾਲ, ਗਗਨਜੀਤ ਸਿੰਘ ਬਰਨਾਲਾ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਹਲਕਾ ਇੰਚਾਰਜ ਤੇ ਸਾਰੇ ਸੀਨੀਅਰ ਮੀਤ ਪ੍ਰਧਾਨ , ਸੁੱਚਾ ਸਿੰਘ ਛੋਟੇਪੁਰ ਮੈਂਬਰ ਸਲਾਹਕਾਰ ਬੋਰਡ, ਚਰਨਜੀਤ ਸਿੰਘ ਬਰਾੜ ਸਿਆਸੀ ਸਕੱਤਰ ਹਲਕਾ ਇੰਚਾਰਜ, ਸਰਵਨ ਸਿੰਘ ਫਿਲੌਰ ਸਾਬਕਾ ਮੰਤਰੀ, ਜਸਟਿਸ ਨਿਰਮਲ ਸਿੰਘ, ਸੰਤ ਬਲਬੀਰ ਸਿੰਘ ਘੁੰਨਸ, ਸੁਖਵਿੰਦਰ ਸਿੰਘ ਔਲਖ, ਕਰਨੈਲ ਸਿੰਘ ਪੰਜੋਲੀ, ਹਰਿੰਦਰਪਾਲ ਸਿੰਘ ਚੰਦੂਮਾਜਰਾ ਹਲਕਾ ਇੰਚਾਰਜ ਸਨੌਰ ਆਦਿ ਹਾਜ਼ਰ ਸਨ।



## ਇਸ ਸਾਲ ਮਈ ਤੱਕ ਹਿਮਾਚਲ ਪਹੁੰਚੇ 74 ਲੱਖ ਸੈਲਾਨੀ, ਕੁੱਲੂ ਬਣਿਆ ਪਹਿਲੀ ਪਸੰਦ



ਗਰਮੀਆਂ ਦਾ ਮੌਸਮ ਹੈ ਅਤੇ ਜ਼ਿਆਦਾਤਰ ਲੋਕ ਪਹਾੜੀ ਇਲਾਕੇ ਵਿਚ ਜਾਣਾ ਪਸੰਦ ਕਰਦੇ ਹਨ। ਪਹਾੜੀ ਇਲਾਕੇ ਵਿਚ ਹਿਮਾਚਲ ਪ੍ਰਦੇਸ਼ ਲੋਕਾਂ ਦਾ ਪਸੰਦੀਦਾ ਸੈਰ-ਸਪਾਟਾ ਸਥਾਨ ਹੈ। ਹਿਮਾਚਲ 'ਚ ਸੈਲਾਨੀਆਂ ਦਾ ਅੰਕੜਾ ਹਰ ਸਾਲ ਵਧਦਾ ਹੈ। ਇਸ ਸਾਲ ਮਈ ਮਹੀਨੇ ਤੱਕ ਹਿਮਾਚਲ ਪ੍ਰਦੇਸ਼ ਵਿਚ 74 ਲੱਖ ਤੋਂ ਵਧੇਰੇ ਸੈਲਾਨੀ ਪਹੁੰਚੇ ਹਨ। ਬੀਤੇ ਸਾਲ ਦੇ ਮੁਕਾਬਲੇ ਇਸ ਸਾਲ ਸੈਲਾਨੀਆਂ ਦੀ ਆਮਦ ਵਿਚ 3.5 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਸਾਲ ਮਈ ਮਹੀਨੇ ਕੁੱਲ 74 ਲੱਖ 64 ਹਜ਼ਾਰ 184 ਸੈਲਾਨੀ ਹਿਮਾਚਲ ਪਹੁੰਚੇ ਹਨ। ਲਗਾਤਾਰ ਸੈਲਾਨੀ ਹਿਮਾਚਲ ਪ੍ਰਦੇਸ਼ ਦਾ ਰੁਖ਼ ਕਰ ਰਹੇ ਹਨ। ਸੈਰ-ਸਪਾਟਾ ਅਤੇ ਨਾਗਰਿਕ ਹਵਾਬਾਜ਼ੀ ਵਿਭਾਗ ਦੀ ਡਾਇਰੈਕਟਰ ਮਾਨਸੀ ਸਹਾਏ ਠਾਕੁਰ ਨੇ ਦੱਸਿਆ ਕਿ ਇਸ ਸਾਲ ਮਈ ਮਹੀਨੇ ਤੱਕ 74 ਲੱਖ 64 ਹਜ਼ਾਰ 184 ਸੈਲਾਨੀ ਹਿਮਾਚਲ ਪਹੁੰਚੇ ਹਨ। ਇਨ੍ਹਾਂ ਵਿਚ 32 ਹਜ਼ਾਰ 415 ਵਿਦੇਸ਼ੀ ਸੈਲਾਨੀ ਸ਼ਾਮਲ ਹਨ। ਉੱਥੇ ਹੀ ਇਸ ਸਮੇਂ ਵਿਚ ਬੀਤੇ ਸਾਲ 72 ਲੱਖ ਸੈਲਾਨੀ ਹਿਮਾਚਲ ਪਹੁੰਚੇ ਸਨ, ਜਿਨ੍ਹਾਂ ਵਿਚ 23 ਹਜ਼ਾਰ 174 ਵਿਦੇਸ਼ੀ ਸੈਲਾਨੀ ਸ਼ਾਮਲ ਸਨ। ਮਾਨਸੀ ਨੇ ਕਿਹਾ ਕਿ ਇਸ ਸਮੇਂ ਫੋਕਸ ਬੁਨਿਆਂਦੀ ਢਾਂਚੇ ਦੇ ਵਿਕਾਸ 'ਤੇ ਹੈ। ਇਸ ਦੇ ਨਤੀਜੇ ਅਗਲੇ 3 ਸਾਲਾਂ ਵਿਚ ਦੇਖਣ ਨੂੰ ਮਿਲਣਗੇ।ਇਸ ਸਾਲ ਸਭ ਤੋਂ ਵੱਧ ਸੈਲਾਨੀ ਕੁੱਲੂ ਪਹੁੰਚੇ ਹਨ। ਮਈ ਮਹੀਨੇ ਤੱਕ ਕੁੱਲ 14 ਲੱਖ 97 ਹਜ਼ਾਰ 920 ਸੈਲਾਨੀ ਜ਼ਿਲ੍ਹਾ ਕੁੱਲੂ ਪੁੱਜੇ ਹਨ। ਕੁੱਲੂ ਤੋਂ ਬਾਅਦ ਸਭ ਤੋਂ ਵੱਧ 10 ਲੱਖ 41 ਹਜ਼ਾਰ 74 ਸੈਲਾਨੀ ਸੋਲਨ ਜ਼ਿਲ੍ਹੇ ਵਿਚ ਪਹੁੰਚੇ ਹਨ। ਇਸ ਸਾਲ ਸੋਲਨ ਜ਼ਿਲ੍ਹੇ ਨੇ ਸ਼ਿਮਲਾ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਮਈ ਮਹੀਨੇ ਤੱਕ 9 ਲੱਖ 99 ਹਜ਼ਾਰ 65 ਸੈਲਾਨੀ ਸ਼ਿਮਲਾ ਪਹੁੰਚ ਚੁੱਕੇ ਹਨ।

## ਪੰਜਾਬ ਸਰਕਾਰ ਦਾ ਵੱਡਾ ਐਲਾਨ, 10 ਜੁਲਾਈ ਨੂੰ ਕਾਮਿਆਂ ਨੂੰ ਮਿਲੇਗੀ ਤਨਖਾਹੀ ਛੁੱਟੀ




ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੇ ਵੋਟਰਾਂ, ਜੋ ਕਿ ਦੁਕਾਨਾਂ ਅਤੇ ਵਪਾਰਕ ਅਦਾਰਿਆਂ ’ਚ ਕੰਮ ਕਰਦੇ ਹਨ ਅਤੇ ਫੈਕਟਰੀਆਂ ਦੇ ਕਾਮੇ ਹਨ, ਲਈ ਨੂੰ ਜ਼ਿਮਨੀ ਚੋਣ ਦੇ ਮੱਦੇਨਜ਼ਰ 10 ਜਲਾਈ 2024 (ਬੁੱਧਵਾਰ) ਨੂੰ ਤਨਖ਼ਾਹ ਸਮੇਤ ਛੁੱਟੀ ਦਾ ਐਲਾਨ ਕੀਤਾ ਗਿਆ ਹੈ।
ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਦੋ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਹਨ। ਇਨ੍ਹਾਂ ਨੋਟੀਫਿਕੇਸ਼ਨਾਂ ਮੁਤਾਬਕ ਪੰਜਾਬ ਦੇ ਰਾਜਪਾਲ ਵੱਲੋਂ 34-ਜਲੰਧਰ ਪੱਛਮੀ (ਐੱਸ.ਸੀ.) ਹਲਕੇ ਦੀਆਂ ਸਾਰੀਆਂ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਦੇ ਵੋਟਰਾਂ ਲਈ 10-07-2024 (ਬੁੱਧਵਾਰ) ਨੂੰ ਤਨਖ਼ਾਹ ਸਮੇਤ ਛੁੱਟੀ ਦਾ ਐਲਾਨ ਕੀਤਾ ਗਿਆ ਹੈ, ਬਸ਼ਰਤੇ ਕਿ ਇਹ ਛੁੱਟੀ 07 ਜੁਲਾਈ 2024 ਤੋਂ 13 ਜੁਲਾਈ 2024 ਦਰਮਿਆਨ ਆਉਣ ਵਾਲੀ ਛੁੱਟੀ ਦੇ ਇਵਜ਼ ਵਿੱਚ ਹੋਵੇਗੀ।
ਬੁਲਾਰੇ ਨੇ ਅੱਗੇ ਕਿਹਾ ਕਿ ਨੋਟੀਫਿਕੇਸ਼ਨ ਮੁਤਾਬਕ ਪੰਜਾਬ ਦੇ ਰਾਜਪਾਲ ਵੱਲੋਂ 34-ਜਲੰਧਰ ਪੱਛਮੀ (ਐੱਸ.ਸੀ.) ਹਲਕੇ ਦੇ ਵੋਟਰਾਂ ਜੋ ਕਿ ਪੰਜਾਬ ਰਾਜ ਦੀਆਂ ਰਜਿਸਟਰਡ ਫੈਕਟਰੀਆਂ ਵਿਚ ਕੰਮ ਕਰਦੇ ਹਨ, ਜਿੱਥੇ 10 ਜੁਲਾਈ 2024 ਵਾਲੇ ਦਿਨ ਛੁੱਟੀ ਨਹੀਂ ਹੈ, ਦੇ ਕਾਮਿਆਂ ਲਈ 10 ਜੁਲਾਈ ਨੂੰ ਹਫ਼ਤਾਵਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

# ਭਾਰਤ ਕ੍ਰਿਕਟ ਚਲਾਉਂਦਾ ਹੈ, ਉਨ੍ਹਾਂ ਨਾਲ ਕੋਈ ਗੱਲ ਨਹੀਂ ਕਰ ਸਕਦਾ



ਕ੍ਰਿਕੇਟ ਆਈਕਨ ਕ੍ਰਿਸ ਗੇਲ ਦਾ ਕਹਿਣਾ ਹੈ ਕਿ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਕ੍ਰਿਕਟ ਜਗਤ ਵਿਚ ਸਰਵਉੱਚ ਹੈ ਅਤੇ ਇਸ ਦੇ ਅਧਿਕਾਰ ਨੂੰ ਚੁਣੌਤੀ ਦੇਣ ਦਾ ਕੋਈ ਦਾਅਵੇਦਾਰ ਨਹੀਂ ਹੈ। ਗੇਲ ਨੇ ਮੌਕੇ 'ਤੇ ਹੀ ਫ੍ਰੈਂਚਾਇਜ਼ੀ ਟੂਰਨਾਮੈਂਟਾਂ ਲਈ ਇਕ ਵੱਖਰੀ ਸਮੇਂ ਸੀਮਾ ਲਾਗੂ ਕਰਨ ਦਾ ਸੁਝਾਅ ਦਿੱਤਾ, ਜੋ ਅੰਤਰ-ਰਾਸ਼ਟਰੀ ਪ੍ਰੋਗਰਾਮਾਂ ਦੇ ਸ਼ਡਿਊਲ ਤੋਂ ਵੱਖ ਹੋਣ। ਗੇਲ ਨੂੰ ਇਹ ਸਵਾਲ ਇਸ ਲਈ ਪੁੱਛਿਆ ਗਿਆ ਸੀ ਕਿਉਂਕਿ ਆਈਪੀਐੱਲ ਖਤਮ ਹੋਣ ਤੋਂ ਪਹਿਲਾਂ ਇੰਗਲੈਂਡ ਦੀ ਟੀਮ ਪਾਕਿਸਤਾਨ ਦੇ ਖਿਲਾਫ ਟੀ-20 ਸੀਰੀਜ਼ ਖੇਡਣ ਗਈ ਸੀ।

ਗੇਲ ਨੇ ਕਿਹਾ ਕਿ ਜਦੋਂ ਆਈਪੀਐੱਲ ਚੱਲ ਰਿਹਾ ਹੈ ਤਾਂ ਤੁਸੀਂ ਅਜਿਹੇ ਖਿਡਾਰੀਆਂ ਨੂੰ ਦੇਖਦੇ ਹੋ ਜਿਨ੍ਹਾਂ ਨੂੰ ਆਪਣੇ ਦੇਸ਼ ਲਈ ਖੇਡਣ ਲਈ ਟੂਰਨਾਮੈਂਟ ਛੱਡਣਾ ਪੈਂਦਾ ਹੈ। ਜੇਕਰ ਤੁਹਾਡੇ ਕੋਲ ਆਈਪੀਐੱਲ ਵਿੰਡੋ ਹੈ ਤਾਂ ਸਿਰਫ਼ ਉਸ ਵਿੰਡੋ ਵਿੱਚ ਆਈਪੀਐੱਲ ਹੋਣੀ ਚਾਹੀਦੀ ਹੈ। ਤੁਹਾਨੂੰ ਉਸ ਸਮੇਂ ਦੌਰਾਨ ਅੰਤਰਰਾਸ਼ਟਰੀ ਕ੍ਰਿਕਟ ਨਹੀਂ ਖੇਡਣਾ ਚਾਹੀਦਾ, ਕਿਉਂਕਿ ਸਿਰਫ ਇੱਕ ਹੀ ਟੀਮ ਹੈ ਜਿਸ ਨੂੰ ਫਾਇਦਾ ਹੋਣ ਵਾਲਾ ਹੈ ਅਤੇ ਉਹ ਹੈ ਭਾਰਤ। ਇਹ ਅਣਉਚਿਤ ਹੈ ਤੁਹਾਡੇ ਕੋਲ ਅਜਿਹਾ ਸਿਸਟਮ ਨਹੀਂ ਹੋ ਸਕਦਾ।

ਗੇਲ ਨੇ ਕਿਹਾ ਕਿ ਜੇਕਰ ਇਸ ਸਮੇਂ ਵਿਸ਼ਵ ਕੱਪ ਲਈ ਕੋਈ ਵਿੰਡੋ ਹੈ ਤਾਂ ਸਿਰਫ ਇਹੀ ਹੋਣੀ ਚਾਹੀਦੀ ਹੈ ਹੋਰ ਕੁਝ ਨਹੀਂ। ਜੇਕਰ ਤੁਸੀਂ ਚਾਹੁੰਦੇ ਹੋ ਕਿ ਇਤਿਹਾਸ ਦੀ ਸਭ ਤੋਂ ਵੱਡੀ ਫ੍ਰੈਂਚਾਇਜ਼ੀ ਲਈ ਦੁਨੀਆ ਦੇ ਸਰਵਸ੍ਰੇਸ਼ਠ ਖਿਡਾਰੀ ਆਈਪੀਐੱਲ 'ਚ ਖੇਡਣ, ਤਾਂ ਤੁਹਾਨੂੰ ਅੰਤਰਰਾਸ਼ਟਰੀ ਕ੍ਰਿਕਟ ਦੇ ਦਖਲ ਤੋਂ ਬਿਨਾਂ ਉਸ ਖਾਸ ਵਿੰਡੋ 'ਚ ਖੇਡਣ ਦੀ ਇਜਾਜ਼ਤ ਦੇਣੀ ਪਵੇਗੀ। ਤੁਸੀਂ ਖਿਡਾਰੀਆਂ ਨੂੰ ਇੰਨੇ ਵੱਡੇ ਫਰੈਂਚਾਇਜ਼ੀ ਟੂਰਨਾਮੈਂਟ ਤੋਂ ਬਾਹਰ ਨਹੀਂ ਕਰ ਸਕਦੇ ਕਿਉਂਕਿ ਇਹ ਅਨੁਚਿਤ ਅਤੇ ਇਕਪਾਸੜ ਹੈ।

ਗੇਲ ਨੇ ਇਹ ਵੀ ਕਿਹਾ ਕਿ ਬੀਸੀਸੀਆਈ ਅੱਗੇ ਆਪਣੀਆਂ ਮੰਗਾਂ ਰੱਖਣੀਆਂ ਬੇਕਾਰ ਹਨ ਕਿਉਂਕਿ ਉਹ ਕ੍ਰਿਕਟ ਦੇ ਮੈਦਾਨ ਨੂੰ ਕੰਟਰੋਲ ਕਰਦੇ ਹਨ। ਗੇਲ ਨੂੰ ਜਦੋਂ ਖਿਡਾਰੀਆਂ ਵੱਲੋਂ ਆਪਣੀਆਂ ਮੰਗਾਂ ਪੇਸ਼ ਕਰਨ ਲਈ ਗਰੁੱਪ ਬਣਾਉਣ ਦੀ ਸੰਭਾਵਨਾ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਸ ਨੂੰ ਵਿਅਰਥ ਕਰਾਰ ਦਿੱਤਾ। ਉਨ੍ਹਾਂ ਸਪੱਸ਼ਟ ਕਿਹਾ ਕਿ ਭਾਰਤ ਨਾਲ ਕੋਈ ਵੀ ਗੱਲ ਨਹੀਂ ਕਰ ਸਕਦਾ। ਭਾਰਤ ਕ੍ਰਿਕਟ ਚਲਾਉਂਦਾ ਹੈ, ਤੁਸੀਂ ਜਾਣਦੇ ਹੋ? ਇਹ ਇੱਕ ਤੱਥ ਹੈ। ਕੌਣ ਭਾਰਤ ਨਾਲ ਗੱਲ ਕਰੇਗਾ? ਕੌਣ ਭਾਰਤ ਨੂੰ ਲਲਕਾਰੇਗਾ? ਕੋਈ ਵੀ ਨਹੀਂ। ਉਹ ਕ੍ਰਿਕਟ ਨੂੰ ਕੰਟਰੋਲ ਕਰਦੇ ਹਨ। ਕ੍ਰਿਸ ਗੇਲ ਆਈਪੀਐੱਲ ਇਤਿਹਾਸ ਦੇ ਸਭ ਤੋਂ ਪ੍ਰਭਾਵਸ਼ਾਲੀ ਖਿਡਾਰੀਆਂ ਵਿੱਚੋਂ ਇੱਕ ਹੈ। ਉਨ੍ਹਾਂ ਦੀ ਯਾਤਰਾ 2009 ਵਿੱਚ ਕੋਲਕਾਤਾ ਨਾਈਟ ਰਾਈਡਰਜ਼ (ਕੇਕੇਆਰ) ਨਾਲ ਸ਼ੁਰੂ ਹੋਈ ਸੀ, ਅਤੇ ਉਨ੍ਹਾਂ ਨੇ 2021 ਵਿੱਚ ਪੰਜਾਬ ਕਿੰਗਜ਼ (ਪੀਬੀਕੇਐੱਸ) ਦੀ ਨੁਮਾਇੰਦਗੀ ਕਰਦੇ ਹੋਏ ਆਪਣਾ ਆਈਪੀਐੱਲ ਕਾਰਜਕਾਲ ਪੂਰਾ ਕੀਤਾ।

# 25 ਜੁਲਾਈ ਤੋਂ ਸ਼ੁਰੂ ਹੋਵੇਗੀ ਲੀਗ, 6 ਟੀਮਾਂ ਲੈਣਗੀਆਂ ਹਿੱਸਾ




ਟੀ-20 ਕ੍ਰਿਕਟ ਵਰਲਡ ਕੱਪ ਤੋਂ ਬਾਅਦ ਜੀਟੀ20 ਕੈਨੇਡਾ 2024 ਅੱਗੇ ਹੈ। ਬਰੈਂਪਟਨ, ਓਨਟਾਰੀਓ ਵਿੱਚ 25 ਜੁਲਾਈ ਤੋਂ ਸ਼ੁਰੂ ਹੋਈ ਇਹ ਲੀਗ 11 ਅਗਸਤ ਤੱਕ ਚੱਲੇਗੀ। ਟੂਰਨਾਮੈਂਟ ਵਿੱਚ ਵਿਸ਼ਵ ਕ੍ਰਿਕਟ ਦੇ ਕੁਝ ਸੁਪਰਸਟਾਰਾਂ ਦੇ ਨਾਲ-ਨਾਲ ਉੱਤਰੀ ਅਮਰੀਕਾ ਦੇ ਪ੍ਰਮੁੱਖ ਕ੍ਰਿਕਟਰ ਵੀ ਸ਼ਾਮਲ ਹੋਣਗੇ। ਜੀਟੀ20 ਕੈਨੇਡਾ ਦੇ ਸੰਸਥਾਪਕ ਗੁਰਮੀਤ ਸਿੰਘ ਭਮਰਾਹ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਵੇਂ ਲੀਗ ਨੇ ਕੈਨੇਡੀਅਨ ਅਤੇ ਉੱਤਰੀ ਅਮਰੀਕੀ ਕ੍ਰਿਕਟ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਜੀਟੀ20 ਕੈਨੇਡਾ ਦੇ ਇਸ ਐਡੀਸ਼ਨ ਵਿੱਚ ਟੀਮ ਦੇ ਕਪਤਾਨ ਸਾਦ ਬਿਨ ਜ਼ਫਰ, ਚੋਟੀ ਦੇ ਦੌੜਾਂ ਬਣਾਉਣ ਵਾਲੇ ਨਿਕੋਲਸ ਕਿਰਟਨ ਅਤੇ ਆਰੋਨ ਜਾਨਸਨ ਸਮੇਤ ਪੂਰੀ ਕੈਨੇਡੀਅਨ ਰਾਸ਼ਟਰੀ ਟੀਮ ਸ਼ਾਮਲ ਹੋਵੇਗੀ, ਜੋ ਹਾਲ ਹੀ ਵਿੱਚ ਚੁਣੌਤੀਪੂਰਨ ਨਿਊਯਾਰਕ ਵਿੱਚ ਅਰਧ ਸੈਂਕੜਾ ਲਗਾਉਣ ਵਾਲੇ ਪਹਿਲੇ ਖਿਡਾਰੀ ਬਣੇ ਹਨ। ਉੱਤਰੀ ਅਮਰੀਕਾ ਦੀ ਪ੍ਰਮੁੱਖ ਕ੍ਰਿਕਟ ਲੀਗ ਵਿੱਚ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਐਂਡਰੋਜ਼ ਗੌਸ ਅਤੇ ਹਰਮੀਤ ਸਿੰਘ ਵੀ ਇੱਥੇ ਖੇਡਣਗੇ।ਜੀਟੀ20 ਕੈਨੇਡਾ ਦੇ ਸੀਈਓ ਜੋਏ ਭੱਟਾਚਾਰੀਆ ਨੇ ਕਿਹਾ ਕਿ ਲੀਗ ਖੇਡਾਂ, ਖਿਡਾਰੀਆਂ ਅਤੇ ਪ੍ਰਸ਼ੰਸਕਾਂ ਦੀ ਨਵੀਂ ਪੀੜ੍ਹੀ ਨੂੰ ਪ੍ਰੇਰਿਤ ਕਰੇਗੀ ਅਤੇ ਉੱਤਰੀ ਅਮਰੀਕਾ ਵਿੱਚ ਕ੍ਰਿਕਟ ਨੂੰ ਇੱਕ ਪ੍ਰਮੁੱਖ ਖੇਡ ਵਜੋਂ ਮਜ਼ਬੂਤੀ ਨਾਲ ਸਥਾਪਿਤ ਕਰੇਗੀ। ਛੇ ਫਰੈਂਚਾਇਜ਼ੀ ਵਿੱਚੋਂ ਹਰੇਕ ਨੇ ਆਈ.ਸੀ.ਸੀ. ਦੇ ਪੂਰੇ ਮੈਂਬਰ ਦੇਸ਼ਾਂ ਦੇ ਛੇ ਖਿਡਾਰੀਆਂ ਦੇ ਨਾਲ-ਨਾਲ ਐਸੋਸੀਏਟ ਦੇਸ਼ਾਂ ਤੋਂ ਚਾਰ ਖਿਡਾਰੀਆਂ ਨੂੰ ਆਪੋ-ਆਪਣੇ ਟੀਮਾਂ ਵਿੱਚ ਚੁਣਿਆ ਹੈ, ਜਿਸ ਨਾਲ ਲੀਗ ਨੂੰ ਹੋਰ ਦਿਲਚਸਪ ਹੋ ਗਈ ਹੈ।

ਉਨ੍ਹਾਂ ਨੂੰ ਕਪਤਾਨੀ ਮਿਲੀ

ਡੇਵਿਡ ਵਾਰਨਰ ਬਰੈਂਪਟਨ ਵਾਲਵਜ਼ ਟੀਮ ਦੀ ਅਗਵਾਈ ਕਰਨਗੇ। ਇਸ ਦੌਰਾਨ ਅਫਰੀਦੀ ਵੈਸਟਇੰਡੀਜ਼ ਦੇ ਆਲਰਾਊਂਡਰ ਰੋਮੀਓ ਸ਼ੈਫਰਡ ਦੇ ਨਾਲ ਟੋਰਾਂਟੋ ਨੈਸ਼ਨਲਜ਼ ਨੂੰ ਮਜ਼ਬੂਤ ਕਰਨਗੇ। ਪਾਕਿਸਤਾਨ ਦੇ ਕਪਤਾਨ ਆਜ਼ਮ, ਹਮਵਤਨ ਮੁਹੰਮਦ ਆਮਿਰ ਅਤੇ ਮੁਹੰਮਦ ਰਿਜ਼ਵਾਨ ਵੈਨਕੂਵਰ ਨਾਈਟਸ ਲਈ ਖੇਡਣਗੇ। ਸਟੋਇਨਿਸ ਅਤੇ ਨਰਾਇਣ ਸਰੇ ਜੈਗੁਆਰ ਲਈ ਵਧੀਆ ਪ੍ਰਦਰਸ਼ਨ ਕਰਦੇ ਨਜ਼ਰ ਆਉਣਗੇ। ਸ਼ਾਕਿਬ ਬੰਗਲਾ ਟਾਈਗਰਜ਼ ਮਿਸੀਸਾਗਾ 'ਚ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਏਗਾ। ਰਹਿਮਾਨਉੱਲ੍ਹਾ ਗੁਰਬਾਜ਼ ਅਤੇ ਹਜ਼ਰਤਉੱਲ੍ਹਾ ਜ਼ਜ਼ਈ ਵੀ ਉਸ ਦੇ ਨਾਲ ਹੋਣਗੇ। ਨਵੀਨ ਉਲ ਹੱਕ, ਕ੍ਰਿਸ ਲਿਨ ਅਤੇ ਸ਼ੇਰਫੇਨ ਰਦਰਫੋਰਡ ਮਾਂਟਰੀਅਲ ਟਾਈਗਰਜ਼ ਲਈ ਖੇਡਣਗੇ।

# ਮੈਂ ਇਸ ਵਾਰ ਭਾਰਤ ਨੂੰ ਹਾਰਦੇ ਹੋਏ ਨਹੀਂ ਦੇਖਦਾ

ਸਾਬਕਾ ਆਲਰਾਊਂਡਰ ਪਾਲ ਕਾਲਿੰਗਵੁੱਡ ਮੁਤਾਬਕ ਟੀ-20 ਵਿਸ਼ਵ ਕੱਪ ਦੇ ਸੈਮੀਫਾਈਨਲ 'ਚ ਫਾਰਮ 'ਚ ਚੱਲ ਰਹੇ ਭਾਰਤ ਨੂੰ ਹਰਾਉਣ ਲਈ ਇੰਗਲੈਂਡ ਨੂੰ ਸ਼ਾਨਦਾਰ ਪ੍ਰਦਰਸ਼ਨ ਕਰਨਾ ਹੋਵੇਗਾ ਅਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਰੋਹਿਤ ਸ਼ਰਮਾ ਦੀ ਟੀਮ ਦੇ ਮੌਜੂਦਾ ਚੈਂਪੀਅਨ ਖਿਲਾਫ ਹਾਰ ਦੀ ਸੰਭਾਵਨਾ ਨਹੀਂ ਹੈ। ਐਡੀਲੇਡ ਵਿੱਚ 2022 ਟੂਰਨਾਮੈਂਟ ਦੇ ਸੈਮੀਫਾਈਨਲ ਮੈਚ ਦੀ ਦੁਹਰਾਈ ਵਿੱਚ ਭਾਰਤ ਅਤੇ ਇੰਗਲੈਂਡ ਵੀਰਵਾਰ ਨੂੰ ਭਿੜਨ ਲਈ ਤਿਆਰ ਹਨ। ਉਦੋਂ ਜੋਸ ਬਟਲਰ ਦੀ ਟੀਮ 10 ਵਿਕਟਾਂ ਨਾਲ ਜਿੱਤ ਗਈ ਸੀ।

ਕੋਲਿੰਗਵੁੱਡ ਨੇ ਕਿਹਾ, 'ਈਮਾਨਦਾਰੀ ਨਾਲ ਕਹਾਂ ਤਾਂ ਮੈਂ ਇਸ ਵਾਰ ਭਾਰਤ ਨੂੰ ਹਾਰਦਾ ਨਹੀਂ ਦੇਖ ਰਿਹਾ। ਇੰਗਲੈਂਡ ਨੂੰ ਉਨ੍ਹਾਂ ਨੂੰ ਹਰਾਉਣ ਲਈ ਕੁਝ ਅਸਾਧਾਰਨ ਕਰਨ ਦੀ ਲੋੜ ਹੋਵੇਗੀ। ਜਸਪ੍ਰੀਤ ਬੁਮਰਾਹ ਸ਼ਾਨਦਾਰ ਫਾਰਮ 'ਚ ਹੈ। ਸਾਬਕਾ ਚੈਂਪੀਅਨ ਆਸਟ੍ਰੇਲੀਆ ਅਤੇ ਪਾਕਿਸਤਾਨ ਵਰਗੀਆਂ ਟੀਮਾਂ ਨੂੰ ਉਨ੍ਹਾਂ ਖਿਲਾਫ ਦੌੜਾਂ ਬਣਾਉਣ ਲਈ ਸੰਘਰਸ਼ ਕਰਨਾ ਪਿਆ। ਕੋਲਿੰਗਵੁੱਡ ਦਾ ਮੰਨਣਾ ਹੈ ਕਿ ਇਸ ਤੇਜ਼ ਗੇਂਦਬਾਜ਼ ਦੇ ਚਾਰ ਓਵਰ ਖੇਡ ਦੀ ਦਿਸ਼ਾ ਤੈਅ ਕਰਨਗੇ। ਉਨ੍ਹਾਂ ਨੇ ਕਿਹਾ, 'ਆਪਣੀ ਸ਼ਾਨਦਾਰ ਟੀਮ ਦੇ ਨਾਲ ਭਾਰਤ ਜਸਪ੍ਰੀਤ ਬੁਮਰਾਹ ਦੀ ਮੌਜੂਦਾ ਫਾਰਮ 'ਚ ਸਭ ਤੋਂ ਅੱਗੇ ਹੈ। ਉਹ ਫਿੱਟ, ਸਟੀਕ, ਤੇਜ਼ ਅਤੇ ਬਹੁਤ ਕੁਸ਼ਲ ਹੈ। ਅਜਿਹਾ ਲੱਗਦਾ ਹੈ ਕਿ ਕਿਸੇ ਵੀ ਟੀਮ ਕੋਲ ਜਵਾਬ ਨਹੀਂ ਹੈ। ਕੋਲਿੰਗਵੁੱਡ ਨੇ ਕਿਹਾ, '120 ਗੇਂਦਾਂ ਦੇ ਮੈਚ 'ਚ ਬੁਮਰਾਹ ਵਰਗੇ ਗੇਂਦਬਾਜ਼ ਦੀਆਂ 24 ਗੇਂਦਾਂ ਕਾਫੀ ਫਰਕ ਪਾਉਂਦੀਆਂ ਹਨ। ਅਮਰੀਕਾ ਵਿਚ ਔਖੇ ਹਾਲਾਤਾਂ ਅਤੇ ਮੁਸ਼ਕਿਲ ਪਿੱਚਾਂ ਵਿਚ ਵੀ ਭਾਰਤ ਆਤਮਵਿਸ਼ਵਾਸ ਨਾਲ ਭਰਿਆ ਨਜ਼ਰ ਆਇਆ।



ਉਨ੍ਹਾਂ ਨੇ ਕਿਹਾ, 'ਉਨ੍ਹਾਂ ਦੇ ਰੋਹਿਤ ਸ਼ਰਮਾ ਵਰਗੇ ਬੱਲੇਬਾਜ਼ ਫਾਰਮ 'ਚ ਵਾਪਸ ਆ ਗਏ ਹਨ ਜਿਨ੍ਹਾਂ ਨੇ ਆਸਟ੍ਰੇਲੀਆ ਦੇ ਖਿਲਾਫ ਸ਼ਾਨਦਾਰ ਪਾਰੀ ਖੇਡੀ।' ਗੁਆਨਾ ਦੀ ਪਿੱਚ ਨੇ ਪਹਿਲਾਂ ਵੀ ਗੇਂਦਬਾਜ਼ਾਂ ਨੂੰ ਫਾਇਦਾ ਪਹੁੰਚਾਇਆ ਹੈ ਕਿਉਂਕਿ ਇਹ ਮੈਚ ਅੱਗੇ ਵਧਣ ਦੇ ਨਾਲ-ਨਾਲ ਹੌਲੀ ਹੋ ਜਾਂਦਾ ਹੈ। ਇਸ ਮੈਦਾਨ 'ਤੇ ਸਪਿਨਰਾਂ ਦਾ ਦਬਦਬਾ ਰਿਹਾ ਹੈ ਅਤੇ ਤੇਜ਼ ਗੇਂਦਬਾਜ਼ਾਂ ਨੂੰ ਸ਼ੁਰੂਆਤ 'ਚ ਕੁਝ ਮਦਦ ਮਿਲਦੀ ਹੈ ਪਰ ਮੌਜੂਦਾ ਵਿਸ਼ਵ ਕੱਪ 'ਚ ਟੀਮਾਂ 170 ਤੋਂ 180 ਦੌੜਾਂ ਦੇ ਸਕੋਰ ਤੱਕ ਪਹੁੰਚ ਗਈਆਂ ਹਨ।

ਕੋਲਿੰਗਵੁੱਡ ਨੇ ਕਿਹਾ, 'ਇਹ ਮੈਚ ਸ਼ਾਨਦਾਰ ਹੋਵੇਗਾ ਜਿਸ 'ਚ ਦੋਵੇਂ ਧਿਰਾਂ ਕਾਫੀ ਹਮਲਾਵਰ ਰੁਖ ਅਪਣਾਉਣਗੀਆਂ। ਗੁਆਨਾ ਦੀ ਪਿੱਚ ਮਹੱਤਵਪੂਰਨ ਹੋਵੇਗੀ। ਇੰਗਲੈਂਡ ਕੋਲ ਸਮਤਲ ਪਿੱਚਾਂ 'ਤੇ ਟੀਮਾਂ ਨੂੰ ਹਰਾਉਣ ਦੀ ਸਮਰੱਥਾ ਹੈ। ਹਾਲਾਂਕਿ ਇੱਕ ਧੀਮੀ, ਟਰਨਿੰਗ ਪਿੱਚ ਭਾਰਤ ਦੇ ਹੱਕ ਵਿੱਚ ਹੋਵੇਗੀ। ਕੋਲਿੰਗਵੁੱਡ ਦਾ ਮੰਨਣਾ ਹੈ ਕਿ ਭਾਰਤ ਆਪਣੀ ਰੂੜੀਵਾਦੀ ਪਹੁੰਚ ਤੋਂ ਅੱਗੇ ਵਧਿਆ ਹੈ ਜਿਸ ਕਾਰਨ ਟੀਮ ਨੂੰ ਨੁਕਸਾਨ ਝੱਲਣਾ ਪਿਆ ਹੈ।

ਉਨ੍ਹਾਂ ਕਿਹਾ, 'ਪਿਛਲੀ ਯੋਜਨਾ ਸ਼ੁਰੂ ਤੋਂ ਹੀ ਭਾਰਤ 'ਤੇ ਹਮਲਾਵਰ ਤਰੀਕੇ ਨਾਲ ਹਮਲਾ ਕਰਨ ਦੀ ਸੀ। ਹਾਲਾਂਕਿ, ਭਾਰਤ ਵਰਗੀ ਟੀਮ ਇਸ ਰਣਨੀਤੀ ਤੋਂ ਹੈਰਾਨ ਨਹੀਂ ਹੋ ਸਕਦੀ। ਜਦੋਂ ਭਾਰਤ ਨੇ 2022 ਵਿੱਚ ਪਹਿਲਾਂ ਬੱਲੇਬਾਜ਼ੀ ਕੀਤੀ ਸੀ, ਤਾਂ ਸਾਨੂੰ ਪਤਾ ਸੀ ਕਿ ਅਸੀਂ ਉਨ੍ਹਾਂ ਨੂੰ ਰੋਕ ਸਕਦੇ ਹਾਂ। ਉਸ ਸਮੇਂ ਭਾਰਤ ਨੇ ਰੂੜ੍ਹੀਵਾਦੀ ਢੰਗ ਨਾਲ ਖੇਡਿਆ, ਖਾਸ ਕਰਕੇ ਪਹਿਲੇ 10 ਓਵਰਾਂ ਵਿੱਚ ਅਤੇ ਫਿਰ ਬਾਅਦ ਵਿੱਚ ਬਰਾਬਰੀ ਕਰਨ ਦੀ ਕੋਸ਼ਿਸ਼ ਕੀਤੀ। ਕੋਲਿੰਗਵੁੱਡ ਨੇ ਕਿਹਾ, 'ਪਰ ਭਾਰਤ ਦਾ ਰਵੱਈਆ ਬਦਲ ਗਿਆ ਹੈ। ਉਹ ਸਮਝਦੇ ਹਨ ਕਿ ਇਸ ਰਣਨੀਤੀ ਨਾਲ ਵਿਸ਼ਵ ਕੱਪ ਨਹੀਂ ਜਿੱਤਿਆ ਜਾ ਸਕਦਾ। ਉਨ੍ਹਾਂ ਨੂੰ ਜੋਖਮ ਲੈਣ, ਬਹਾਦਰ ਬਣਨ ਅਤੇ ਖੁੱਲ੍ਹ ਕੇ ਖੇਡਣ ਦੀ ਲੋੜ ਹੈ।

# ਅਫਗਾਨਿਸਤਾਨ ਦੇ ਸੈਮੀਫਾਈਨਲ 'ਚ ਪਹੁੰਚਣ ਤੋਂ ਬਾਅਦ ਤਾਲਿਬਾਨ ਨੇ ਕੀਤਾ ਭਾਰਤ ਦਾ ਧੰਨਵਾਦ

ਅਫਗਾਨਿਸਤਾਨ ਦੀ ਰਾਸ਼ਟਰੀ ਕ੍ਰਿਕਟ ਟੀਮ ਨੇ ਮੰਗਲਵਾਰ 25 ਜੂਨ 2024 ਨੂੰ ਇਤਿਹਾਸ ਰਚ ਦਿੱਤਾ, ਜਦੋਂ ਉਨ੍ਹਾਂ ਨੇ ਆਪਣੇ ਕ੍ਰਿਕਟ ਇਤਿਹਾਸ ਵਿੱਚ ਪਹਿਲੀ ਵਾਰ ਆਈ.ਸੀ.ਸੀ. ਈਵੈਂਟ ਦੇ ਸੈਮੀਫਾਈਨਲ ਲਈ ਕੁਆਲੀਫਾਈ ਕੀਤਾ। ਉਨ੍ਹਾਂ ਨੇ ਬੰਗਲਾਦੇਸ਼ ਨੂੰ ਹਰਾ ਕੇ ਟੀ-20 ਵਿਸ਼ਵ ਕੱਪ 2024 ਦੇ ਸੈਮੀਫਾਈਨਲ 'ਚ ਪ੍ਰਵੇਸ਼ ਕਰਕੇ ਇਹ ਉਪਲਬਧੀ ਹਾਸਲ ਕੀਤੀ। ਤਾਲਿਬਾਨ ਨੇ ਕਈ ਸਾਲਾਂ ਤੋਂ ਪ੍ਰਦਾਨ ਕੀਤੀ ਸਮਰੱਥਾ ਨਿਰਮਾਣ ਲਈ ਭਾਰਤ ਦਾ ਧੰਨਵਾਦ ਕੀਤਾ ਹੈ। ਆਈਸੀਸੀ ਕ੍ਰਿਕਟ ਵਿਸ਼ਵ ਕੱਪ 2023 ਅਤੇ ਆਈਸੀਸੀ ਟੀ-20 ਵਿਸ਼ਵ ਕੱਪ 2024 ਅਫਗਾਨਿਸਤਾਨ ਕ੍ਰਿਕਟ ਟੀਮ ਲਈ ਸ਼ਾਨਦਾਰ ਰਹੇ ਕਿਉਂਕਿ ਉਨ੍ਹਾਂ ਨੇ ਪਾਕਿਸਤਾਨ, ਆਸਟ੍ਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਵਰਗੀਆਂ ਟੀਮਾਂ ਨੂੰ ਹਰਾ ਕੇ ਦੋਵਾਂ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਰਿਪੋਰਟ ਮੁਤਾਬਕ ਤਾਲਿਬਾਨ ਦੇ ਸਿਆਸੀ ਦਫਤਰ ਦੇ ਮੁਖੀ ਸੁਹੇਲ ਸ਼ਾਹੀਨ ਨੇ ਕਿਹਾ, 'ਅਸੀਂ ਅਫਗਾਨ ਕ੍ਰਿਕਟ ਟੀਮ ਦੀ ਸਮਰੱਥਾ ਵਧਾਉਣ 'ਚ ਭਾਰਤ ਦੀ ਲਗਾਤਾਰ ਮਦਦ ਲਈ ਧੰਨਵਾਦੀ ਹਾਂ। ਅਸੀਂ ਸੱਚਮੁੱਚ ਇਸਦੀ ਕਦਰ ਕਰਦੇ ਹਾਂ। ਪਿਛਲੇ ਕੁਝ ਸਾਲਾਂ ਤੋਂ ਭਾਰਤ ਨੇ ਭਾਰਤੀ ਸਟੇਡੀਅਮਾਂ ਵਿੱਚ ਖਿਡਾਰੀਆਂ ਨੂੰ ਸਿਖਲਾਈ, ਭਾਰਤੀ ਕੰਪਨੀਆਂ ਦੁਆਰਾ ਸਪਾਂਸਰਸ਼ਿਪ ਸਮੇਤ ਹੋਰ ਚੀਜ਼ਾਂ ਦੇ ਨਾਲ ਅਫਗਾਨ ਕ੍ਰਿਕਟ ਨੂੰ ਸਮਰੱਥਾ ਨਿਰਮਾਣ ਪ੍ਰਦਾਨ ਕੀਤਾ ਹੈ। ਕੰਧਾਰ ਕ੍ਰਿਕਟ ਸਟੇਡੀਅਮ ਦੇ ਨਿਰਮਾਣ ਲਈ 1 ਮਿਲੀਅਨ ਡਾਲਰ ਦੀ ਗ੍ਰਾਂਟ ਨਾਲ ਭਾਰਤ ਦਾ ਸਮਰਥਨ ਮਹੱਤਵਪੂਰਨ ਸੀ। ਭਾਰਤ 2018 ਵਿੱਚ ਅਫਗਾਨਿਸਤਾਨ ਨਾਲ ਟੈਸਟ ਮੈਚ ਖੇਡਣ ਵਾਲੀ ਪਹਿਲੀ ਟੀਮ ਸੀ।



# ਭਾਰਤ ਮੌਜੂਦਾ ਚੈਂਪੀਅਨ ਇੰਗਲੈਂਡ ਨੂੰ ਹਰਾ ਕੇ ਆਪਣਾ ਬਦਲਾ ਲੈਣਾ ਚਾਹੇਗਾ



ਭਾਰਤੀ ਟੀਮ ਗੁਆਨਾ 'ਚ ਚੱਲ ਰਹੇ ਆਈਸੀਸੀ ਟੀ-20 ਵਿਸ਼ਵ ਕੱਪ ਦੇ ਦੂਜੇ ਸੈਮੀਫਾਈਨਲ 'ਚ ਇੰਗਲੈਂਡ ਨਾਲ ਭਿੜੇਗੀ, ਜੋ ਟੂਰਨਾਮੈਂਟ ਦੇ 2022 ਦੇ ਸੈਮੀਫਾਈਨਲ ਦਾ ਰੀਮੈਚ ਮੈਚ ਹੋਵੇਗਾ। ਆਖ਼ਰੀ ਵਾਰ ਇਹ ਦੋਵੇਂ ਦੇਸ਼ ਪੁਰਸ਼ ਟੀ-20 ਵਿਸ਼ਵ ਕੱਪ ਸੈਮੀਫਾਈਨਲ 'ਚ 19 ਮਹੀਨੇ ਪਹਿਲਾਂ ਐਡੀਲੇਡ 'ਚ ਆਹਮੋ-ਸਾਹਮਣੇ ਹੋਏ ਸਨ, ਜਦੋਂ ਇੰਗਲੈਂਡ ਨੇ ਜੋਸ ਬਟਲਰ ਅਤੇ ਐਲੇਕਸ ਹੇਲਜ਼ ਦੀ ਸ਼ਾਨਦਾਰ ਸ਼ੁਰੂਆਤੀ ਸਾਂਝੇਦਾਰੀ ਦੀ ਬਦੌਲਤ 10 ਵਿਕਟਾਂ ਨਾਲ ਜਿੱਤ ਦਰਜ ਕੀਤੀ ਸੀ, ਜਿਸ ਤੋਂ ਬਾਅਦ ਭਾਰਤ ਨੂੰ ਆਪਣੀ ਟੀ20 ਰਣਨੀਤੀਪੂਰੀ ਤਰ੍ਹਾਂ ਮੁੜ ਵਿਚਾਰ ਕਰਨ ਅਤੇ ਵਧੇਰੇ ਸਥਾਪਿਤ ਸੁਪਰਸਟਾਰਾਂ ਤੋਂ ਨੌਜਵਾਨ ਖਿਡਾਰੀਆਂ ਅਤੇ ਰੂੜ੍ਹੀਵਾਦ ਤੋਂ ਹਮਲਾਵਰਤਾ ਵੱਲ ਜਾਣ ਲਈ ਮਜਬੂਰ ਹੋਣਾ ਪਿਆ।

ਇਸ ਵਾਰ ਭਾਰਤ ਕੋਲ ਤਜਰਬੇਕਾਰ ਕਪਤਾਨ ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਦੀ ਅਗਵਾਈ ਵਿੱਚ ਬਿਹਤਰ ਬੱਲੇਬਾਜ਼ੀ ਲਾਈਨ ਹੈ, ਮੱਧ ਓਵਰਾਂ ਵਿੱਚ ਵਧੇਰੇ ਹਮਲਾਵਰ ਵਿਕਲਪ ਅਤੇ ਉਨ੍ਹਾਂ ਦੇ ਹਮਲੇ ਵਿੱਚ ਵਧੇਰੇ ਵਿਭਿੰਨਤਾ ਹੈ, ਪਰ ਮੌਜੂਦਾ ਚੈਂਪੀਅਨ ਨੂੰ ਕੁਝ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ, ਖਾਸ ਕਰਕੇ ਕਪਤਾਨ ਜੋਸ ਬਟਲਰ ਅਤੇ ਉਸ ਦੇ ਨਵੇਂ ਓਪਨਿੰਗ ਸਾਥੀ ਫਿਲ ਸਾਲਟ ਸ਼ਾਨਦਾਰ ਫਾਰਮ 'ਚ ਹੋਣ ਕਾਰਨ।

ਇੰਗਲੈਂਡ ਇਤਿਹਾਸ ਰਚਣ ਅਤੇ ਟੀ-20 ਵਿਸ਼ਵ ਕੱਪ ਟਰਾਫੀ ਨੂੰ ਬਰਕਰਾਰ ਰੱਖਣ ਵਾਲੀ ਪਹਿਲੀ ਪੁਰਸ਼ ਟੀਮ ਬਣਨ ਤੋਂ ਸਿਰਫ਼ ਦੋ ਜਿੱਤਾਂ ਦੂਰ ਹੈ। ਦੂਜੇ ਪਾਸੇ, ਭਾਰਤ ਨੇ 2007 ਵਿੱਚ ਆਪਣੀ ਸ਼ੁਰੂਆਤ ਤੋਂ ਬਾਅਦ ਇਹ ਟੂਰਨਾਮੈਂਟ ਨਹੀਂ ਜਿੱਤਿਆ ਹੈ ਅਤੇ 2011 ਦੇ 50 ਓਵਰਾਂ ਦੇ ਟੂਰਨਾਮੈਂਟ ਤੋਂ ਬਾਅਦ ਕਿਸੇ ਵੀ ਫਾਰਮੈਟ ਵਿੱਚ ਆਪਣੀ ਪਹਿਲੀ ਵਿਸ਼ਵ ਕੱਪ ਜਿੱਤਣ ਦੀ ਕੋਸ਼ਿਸ਼ ਕਰ ਰਿਹਾ ਹੈ। ਭਾਰਤ ਨੇ ਆਖਰੀ ਵਾਰ 2013 ਵਿੱਚ ਆਈਸੀਸੀ ਟਰਾਫੀ ਜਿੱਤੀ ਸੀ, ਜਦੋਂ ਉਸਨੇ ਇੰਗਲੈਂਡ ਵਿੱਚ ਆਈਸੀਸੀ ਚੈਂਪੀਅਨਜ਼ ਟਰਾਫੀ ਜਿੱਤੀ ਸੀ।

ਗੁਆਨਾ ਨੈਸ਼ਨਲ ਸਟੇਡੀਅਮ ਜਾਰਜਟਾਊਨ ਦੇ ਬਾਹਰਵਾਰ 20,000 ਸੀਟਾਂ ਵਾਲਾ ਸਥਾਨ ਹੈ, ਜੋ ਡੇਮੇਰਾ ਨਦੀ ਦੇ ਨਾਲ ਅਤੇ ਤੱਟ ਤੋਂ ਕੁਝ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਟੂਰਨਾਮੈਂਟ ਦੌਰਾਨ ਇਸ ਮੈਦਾਨ 'ਤੇ ਹੋਣ ਵਾਲਾ ਇਹ ਛੇਵਾਂ ਅਤੇ ਆਖਰੀ ਮੈਚ ਹੈ। ਪਹਿਲੇ ਗੇੜ ਦੇ ਪੜਾਅ ਦੌਰਾਨ ਗਰੁੱਪ ਸੀ ਵਿੱਚ ਆਖਰੀ ਪੰਜ ਮੈਚ ਹੋਏ। ਸਪਿਨਰ ਮੈਦਾਨ 'ਤੇ ਕਾਫੀ ਪ੍ਰਭਾਵਸ਼ਾਲੀ ਰਹੇ ਹਨ, ਪਰ ਤੇਜ਼ ਗੇਂਦਬਾਜ਼ ਵੀ ਕੁਝ ਚੰਗੇ ਰਹੇ ਹਨ, ਜਿਸ ਨਾਲ ਅਫਗਾਨਿਸਤਾਨ ਦਾ ਪੰਜ ਮੈਚਾਂ 'ਚ ਯੂਗਾਂਡਾ ਖਿਲਾਫ ਸਭ ਤੋਂ ਵੱਧ ਸਕੋਰ 183/5 ਰਿਹਾ ਹੈ।

ਭਾਰਤ ਨੇ ਹਰ ਉਹ ਮੈਚ ਜਿੱਤਿਆ ਹੈ ਜਿਸ ਵਿੱਚ ਉਹ ਮੁਕਾਬਲਾ ਕਰਨ ਦੇ ਯੋਗ ਹੋਇਆ ਹੈ, ਸਿਰਫ ਮੀਂਹ ਨਾਲ ਭਿੱਜਿਆ ਲਾਡਰਹਿੱਲ, ਫਲੋਰੀਡਾ ਵਿੱਚ ਕੈਨੇਡਾ ਦੇ ਖਿਲਾਫ ਛੱਡੇ ਗਏ ਮੈਚ ਵਿੱਚ ਅੰਕ ਗੁਆਇਆ ਹੈ। ਬੰਗਲਾਦੇਸ਼, ਅਫਗਾਨਿਸਤਾਨ ਅਤੇ ਆਸਟ੍ਰੇਲੀਆ 'ਤੇ ਸ਼ਾਨਦਾਰ ਜਿੱਤਾਂ ਨਾਲ ਸੁਪਰ ਅੱਠ 'ਚ ਗਰੁੱਪ ਵਨ ਦੇ ਜੇਤੂ ਦੇ ਰੂਪ 'ਚ ਨਾਕਆਊਟ ਗੇੜ 'ਚ ਜਗ੍ਹਾ ਪੱਕੀ ਕੀਤੀ।

ਇਸ ਦੇ ਉਲਟ ਇੰਗਲੈਂਡ ਨੂੰ ਇੱਥੇ ਤੱਕ ਪਹੁੰਚਣ ਵਿੱਚ ਕਾਫੀ ਮੁਸ਼ਕਲ ਆਈ ਹੈ। ਉਨ੍ਹਾਂ ਨੂੰ ਸਕਾਟਲੈਂਡ ਦੇ ਖਿਲਾਫ ਮੀਂਹ ਨਾਲ ਵਿਘਨ ਪਾਉਣ ਵਾਲੇ ਮੈਚ ਤੋਂ ਬਾਅਦ ਆਪਣੀ ਮੁਹਿੰਮ ਦੇ ਸ਼ੁਰੂ ਵਿੱਚ ਪੁਰਾਣੇ ਵਿਰੋਧੀ ਆਸਟਰੇਲੀਆ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਉਨ੍ਹਾਂ ਨੂੰ ਸੁਪਰ ਅੱਠਾਂ ਵਿੱਚ ਪਹੁੰਚਣ ਲਈ ਵੱਡੀਆਂ ਜਿੱਤਾਂ ਅਤੇ ਹੋਰ ਥਾਵਾਂ ਤੋਂ ਸਮਰਥਨ ਦੀ ਲੋੜ ਸੀ। ਪਰ ਉਹ ਅਜਿਹਾ ਕਰਨ ਵਿਚ ਕਾਮਯਾਬ ਰਹੇ, ਨੈੱਟ ਰਨ ਰੇਟ 'ਤੇ ਸਕਾਟਲੈਂਡ ਨੂੰ ਪਛਾੜਦੇ ਹੋਏ, ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ ਦੇ ਵਿਰੋਧੀ ਆਸਟਰੇਲੀਆ ਦੀ ਬਦੌਲਤ।

ਭਾਰਤ ਨੇ ਆਪਣੀ ਸੁਪਰ ਅੱਠ ਮੁਹਿੰਮ ਦੌਰਾਨ ਇੱਕ ਸਥਿਰ ਟੀਮ ਦੀ ਚੋਣ ਕੀਤੀ, ਜਿਸ ਵਿੱਚ ਕੁਲਦੀਪ ਯਾਦਵ ਨੇ ਗਰੁੱਪ ਪੜਾਅ ਵਿੱਚ ਦਬਦਬਾ ਰੱਖਣ ਵਾਲੀ ਟੀਮ ਤੋਂ ਮੁਹੰਮਦ ਸਿਰਾਜ ਦੀ ਥਾਂ ਲਈ। ਇਹ ਪੂਰੀ ਸੰਭਾਵਨਾ ਹੈ ਕਿ ਉਹ ਉਸੇ ਸੰਤੁਲਨ ਨਾਲ ਅੱਗੇ ਵਧਣਗੇ, ਕਿਉਂਕਿ ਤਿੰਨ ਤੇਜ਼ ਗੇਂਦਬਾਜ਼ਾਂ ਅਤੇ ਤਿੰਨ ਸਪਿਨਰਾਂ ਦੇ ਨਾਲ ਛੇ ਫਰੰਟਲਾਈਨ ਗੇਂਦਬਾਜ਼ੀ ਵਿਕਲਪ ਹਨ।

ਗੁਆਨਾ ਦੀ ਸਤ੍ਹਾ ਦੀ ਸੰਭਾਵਿਤ ਪ੍ਰਕਿਰਤੀ ਨੂੰ ਦੇਖਦੇ ਹੋਏ ਇਕੋ-ਇਕ ਸੰਭਾਵੀ ਤਬਦੀਲੀ ਇਕ ਹੋਰ ਸਪਿਨਿੰਗ ਖ਼ਤਰੇ ਲਈ ਯੁਜ਼ਵੇਂਦਰ ਚਾਹਲ ਨੂੰ ਸ਼ਾਮਲ ਕਰਨਾ ਹੈ। ਇੰਗਲੈਂਡ ਨੇ ਟੂਰਨਾਮੈਂਟ ਦੀ ਸ਼ੁਰੂਆਤ ਵਿੱਚ ਜਿਸ ਬੱਲੇਬਾਜ਼ੀ-ਭਾਰੀ ਸੰਤੁਲਨ ਨਾਲ ਖੇਡਿਆ ਸੀ, ਵਿਲ ਜੈਕਸ ਨੂੰ ਛੱਡ ਕੇ ਅਤੇ ਚਾਰ ਫਰੰਟ-ਲਾਈਨ ਤੇਜ਼ ਗੇਂਦਬਾਜ਼ਾਂ ਨੂੰ ਖੇਡਦੇ ਹੋਏ, ਸੈਮ ਕੁਰੇਨ ਅਤੇ ਕ੍ਰਿਸ ਜੌਰਡਨ ਨੂੰ ਸੱਤ ਅਤੇ ਅੱਠਵੇਂ ਨੰਬਰ 'ਤੇ ਰੱਖਿਆ।

ਜੈਕ ਨੂੰ ਪਾਰਟ-ਟਾਈਮ ਸਪਿਨ ਵਿਕਲਪ ਵਜੋਂ ਵਾਪਸ ਲਿਆਉਣ ਜਾਂ ਟੌਮ ਹਾਰਟਲੇ ਨੂੰ ਡੈਬਿਊ ਕਰਨ ਦਾ ਵਿਕਲਪ ਵੀ ਹੋ ਸਕਦਾ ਹੈ ਜੋ ਇੱਕ ਵਾਧੂ ਮੁੱਖ ਸਪਿਨਰ ਵਜੋਂ ਟੀਮ ਵਿੱਚ ਹੈ। ਪਰ ਇੰਗਲੈਂਡ ਕੋਲ ਸਪਿਨ-ਬਾਲਿੰਗ ਆਲਰਾਊਂਡਰ ਮੋਇਨ ਅਲੀ ਅਤੇ ਲਿਆਮ ਲਿਵਿੰਗਸਟੋਨ ਹਨ, ਜਿਨ੍ਹਾਂ ਨੇ ਲੋੜ ਪੈਣ 'ਤੇ ਚੰਗੀ ਗੇਂਦਬਾਜ਼ੀ ਕੀਤੀ ਹੈ, ਇਸ ਲਈ ਉਹ ਉਸੇ ਫਾਰਮੂਲੇ 'ਤੇ ਕਾਇਮ ਰਹਿ ਸਕਦੇ ਹਨ ਜੋ ਉਨ੍ਹਾਂ ਨੂੰ ਸੁਪਰ ਅੱਠ ਤੱਕ ਲੈ ਗਿਆ ਸੀ।

ਸੰਭਾਵਿਤ ਪਲੇਇੰਗ 11

ਭਾਰਤ: ਵਿਰਾਟ ਕੋਹਲੀ, ਰੋਹਿਤ ਸ਼ਰਮਾ (ਕਪਤਾਨ), ਰਿਸ਼ਭ ਪੰਤ, ਸੂਰਿਆਕੁਮਾਰ ਯਾਦਵ, ਹਾਰਦਿਕ ਪੰਡਯਾ, ਸ਼ਿਵਮ ਦੂਬੇ, ਰਵਿੰਦਰ ਜਡੇਜਾ, ਅਕਸ਼ਰ ਪਟੇਲ, ਕੁਲਦੀਪ ਯਾਦਵ, ਅਰਸ਼ਦੀਪ ਸਿੰਘ, ਜਸਪ੍ਰੀਤ ਬੁਮਰਾਹ।

ਇੰਗਲੈਂਡ: ਜੋਸ ਬਟਲਰ (ਕਪਤਾਨ), ਫਿਲ ਸਾਲਟ (ਵਿਕਟਕੀਪਰ), ਜੇ ਬੇਅਰਸਟੋ, ਹੈਰੀ ਬਰੂਕ, ਮੋਇਨ ਅਲੀ, ਵਿਲ ਜੈਕ, ਲਿਆਮ ਲਿਵਿੰਗਸਟੋਨ, ਕ੍ਰਿਸ ਜੌਰਡਨ, ਆਦਿਲ ਰਾਸ਼ਿਦ, ਜੋਫਰਾ ਆਰਚਰ, ਮਾਰਕ ਵੁੱਡ।

## ਭੈਣ ਸੋਨਾਕਸ਼ੀ ਦੇ ਵਿਆਹ 'ਚ ਸ਼ਾਮਲ ਨਾ ਹੋਣ ਦੀਆਂ ਖ਼ਬਰਾਂ 'ਤੇ ਭਰਾ ਕੁਸ਼ ਨੇ ਤੋੜੀ ਚੁੱਪੀ




ਅਦਾਕਾਰਾ ਸੋਨਾਕਸ਼ੀ ਸਿਨਹਾ ਨੇ 23 ਜੂਨ ਨੂੰ ਪ੍ਰੇਮੀ ਜ਼ਹੀਰ ਇਕਬਾਲ ਨਾਲ ਕੋਰਟ 'ਚ ਵਿਆਹ ਕੀਤਾ ਹੈ। ਇਸ ਜੋੜੇ ਦੀ ਕੋਰਟ ਮੈਰਿਜ ਕਈ ਹਿੰਦੂ ਰੀਤੀ ਰਿਵਾਜ਼ਾਂ ਨਾਲ ਕਰਵਾਈ ਗਈ, ਜਿਸ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਵਿਆਹ 'ਚ ਜੋੜੇ ਨੂੰ ਆਪਣੇ ਦੋਸਤਾਂ ਅਤੇ ਮਾਤਾ-ਪਿਤਾ ਨਾਲ ਦੇਖਿਆ ਗਿਆ ਹੈ ਪਰ ਸੋਨਾਕਸ਼ੀ ਦੇ ਭਰਾ ਲਵ ਅਤੇ ਕੁਸ਼ ਕਿਤੇ ਨਜ਼ਰ ਨਹੀਂ ਆਏ। ਅਜਿਹੇ 'ਚ ਲੋਕਾਂ ਦਾ ਕਹਿਣਾ ਹੈ ਕਿ ਅਦਾਕਾਰਾ ਦੇ ਦੋਵੇਂ ਭਰਾ ਸੋਨਾਕਸ਼ੀ-ਜ਼ਹੀਰ ਦੇ ਵਿਆਹ ਤੋਂ ਨਾਖੁਸ਼ ਹਨ ਅਤੇ ਉਹ ਇਸ ਦਾ ਹਿੱਸਾ ਨਹੀਂ ਬਣੇ। ਹੁਣ ਵਿਆਹ ਦੇ ਦੋ ਦਿਨ ਬਾਅਦ ਕੁਸ਼ ਨੇ ਇਨ੍ਹਾਂ ਖਬਰਾਂ 'ਤੇ ਆਪਣੀ ਚੁੱਪੀ ਤੋੜੀ ਹੈ।

ਰਿਪੋਰਟ ਮੁਤਾਬਕ ਹਾਲ ਹੀ 'ਚ ਜਦੋਂ ਸੋਨਾਕਸ਼ੀ ਸਿਨਹਾ ਦੇ ਭਰਾ ਕੁਸ਼ ਤੋਂ ਉਨ੍ਹਾਂ ਦੀ ਭੈਣ ਦੇ ਵਿਆਹ 'ਚ ਨਾ ਨਜ਼ਰ ਆਉਣ ਦੇ ਬਾਰੇ 'ਚ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ, ''ਮੈਂ ਬਹੁਤ ਹੀ ਪ੍ਰਾਈਵੇਟ ਵਿਅਕਤੀ ਹਾਂ ਅਤੇ ਮੈਨੂੰ ਜ਼ਿਆਦਾ ਨਜ਼ਰ ਆਉਣਾ ਪਸੰਦ ਨਹੀਂ ਹੈ।'' ਇੰਨਾ ਹੀ ਨਹੀਂ ਉਨ੍ਹਾਂ ਨੇ ਸਾਫ਼ ਕਹਿ ਦਿੱਤਾ ਕਿ ਉਹ ਮੇਰੀ ਭੈਣ ਦਾ ਵਿਆਹ ਹੈ ਅਤੇ ਮੈਂ ਆਪਣੀ ਭੈਣ ਨੂੰ ਉਸ ਦੇ ਵਿਆਹ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ।

ਇਸ ਤੋਂ ਪਹਿਲਾਂ ਸੋਨਾਕਸ਼ੀ ਦੇ ਦੂਜੇ ਭਰਾ ਲਵ ਸਿਨਹਾ ਨੇ ਕਿਹਾ ਸੀ, 'ਕਿਰਪਾ ਕਰਕੇ ਇਕ-ਦੋ ਦਿਨ ਦਿਓ। ਜੇ ਮੈਂ ਸੋਚਿਆ ਕਿ ਮੈਂ ਜਵਾਬ ਦੇ ਸਕਦਾ ਹਾਂ, ਤਾਂ ਮੈਂ ਤੁਹਾਡੇ ਸਵਾਲ ਦਾ ਜਵਾਬ ਜ਼ਰੂਰ ਦੇਵਾਂਗਾ। ਪੁੱਛਣ ਲਈ ਧੰਨਵਾਦ।

## ਵਿਆਹ ਮਗਰੋਂ ਅਨਮੋਲ ਗਗਨ ਮਾਨ ਨੇ ਪਤੀ ਸ਼ਹਿਬਾਜ਼ ਨਾਲ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਟੇਕਿਆ ਮੱਥਾ



ਕੁਝ ਹਫ਼ਤੇ ਪਹਿਲਾਂ ਹੀ ਵਿਆਹ ਬੰਧਨ 'ਚ ਬੱਝੇ ਪੰਜਾਬ ਦੇ ਸੈਰ-ਸਪਾਟਾ ਮਹਿਕਮੇ ਦੀ ਕੈਬਨਿਟ ਮੰਤਰੀ ਬੀਬਾ ਅਨਮੋਲ ਗਗਨ ਮਾਨ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਅੱਜ ਆਪਣੇ ਪਤੀ ਐਡਵੋਕੇਟ ਸ਼ਹਿਬਾਜ਼ ਸਿੰਘ ਸੋਹੀ ਨਾਲ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਪਹੁੰਚੇ, ਜਿੱਥੇ ਉਨ੍ਹਾਂ ਨੇ ਮੱਥਾ ਟੇਕਿਆ।ਇਸ ਦੌਰਾਨ ਦੀਆਂ ਕੁਝ ਤਸਵੀਰਾਂ ਅਨਮੋਲ ਗਗਨ ਮਾਨ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਸ਼ੇਅਰ ਕੀਤੀਆਂ ਹਨ। ਇਨ੍ਹਾਂ ਤਸਵੀਰਾਂ ਨੂੰ ਸਾਂਝਾ ਕਰਦਿਆਂ ਅਨਮੋਲ ਗਗਨ ਮਾਨ ਨੇ ਲਿਖਿਆ- ''ਅੱਜ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਅਬਿਚਲ ਨਗਰ, ਨੰਦੇੜ ਵਿਖੇ ਨਤਮਸਤਕ ਹੋ ਕੇ ਸਾਹਿਬੇ ਕਮਾਲ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਅਸ਼ੀਰਵਾਦ ਪ੍ਰਾਪਤ ਕੀਤਾ।ਸੱਚੇ ਪਾਤਸ਼ਾਹ ਜੀ ਅੱਗੇ ਆਪਣੀ ਨਦਰਿ ਮਿਹਰ ਸਦਕਾ ਸਾਡੇ ਜੀਵਨ ਦੀ ਅਗਵਾਈ ਕਰਕੇ ਰਾਹਾਂ ਨੂੰ ਰੁਸ਼ਨਾਉਣ ਲਈ ਅਰਦਾਸ ਕੀਤੀ ਤੇ ਰੱਬੀ ਬਾਣੀ ਦੇ ਵਿਸਮਾਦਮਈ ਕੀਰਤਨ ਦਾ ਆਨੰਦ ਮਾਣਿਆ।''ਦੱਸ ਦਈਏ ਕਿ ਇਸ ਤੋਂ ਪਹਿਲਾ ਅਨਮੋਲ ਗਗਨ ਮਾਨ ਸੱਸ ਸ਼੍ਰੀਮਤੀ ਸੀਲਮ ਸੋਹੀ ਅਤੇ ਸਹੁਰਾ ਪਰਿਵਾਰ ਦੇ ਕਈ ਹੋਰਨਾਂ ਮੈਂਬਰਾਂ ਸਮੇਤ ਸਿੱਖ ਕੌਮ ਦੇ ਚੌਥੇ ਤਖਤ, ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ ਸਨ।ਆਪਣੇ ਸਿਰਫ ਪਰਿਵਾਰਕ ਮੈਂਬਰਾਂ ਨਾਲ ਤਖਤ ਸਾਹਿਬ ਪੁੱਜਣ 'ਤੇ ਕੈਬਨਿਟ ਮੰਤਰੀ ਗਗਨਦੀਪ ਕੌਰ ਉਰਫ ਅਨਮੋਲ ਗਗਨ ਮਾਨ ਦਾ ਸਬ-ਡਵੀਜ਼ਨ ਦੇ ਸਿਵਲ ਅਤੇ ਪੁਲਸ ਅਧਿਕਾਰੀਆਂ 'ਚੋਂ ਐੱਸ. ਡੀ. ਐੱਮ. ਤਲਵੰਡੀ ਸਾਬੋ ਹਰਵਿੰਦਰ ਸਿੰਘ ਜੱਸਲ ਅਤੇ ਡੀ. ਐੱਸ. ਪੀ. ਰਾਜੇਸ਼ ਸਨੇਹੀ ਨੇ ਰਸਮੀ ਸਵਾਗਤ ਕੀਤਾ ਗਿਆ ਸੀ।

## Arjun Kapoor ਦੀ ਪਾਰਟੀ 'ਚ ਨਹੀਂ ਪੁੱਜੀ Malaika Arora




ਅਰਜੁਨ ਕਪੂਰ ਅੱਜ ਆਪਣਾ 39ਵਾਂ ਜਨਮਦਿਨ ਮਨਾ ਰਹੇ ਹਨ। ਅਰਜੁਨ ਕਪੂਰ ਨੇ ਮੰਗਲਵਾਰ ਰਾਤ ਨੂੰ ਇੱਕ ਪਾਰਟੀ ਦਾ ਆਯੋਜਨ ਕੀਤਾ, ਜਿਸ 'ਚ ਕਈ ਬਾਲੀਵੁੱਡ ਹਸਤੀਆਂ ਨੇ ਸ਼ਿਰਕਤ ਕੀਤੀ, ਪਰ ਮਲਾਇਕਾ ਅਰੋੜਾ ਨੇ ਸ਼ਿਰਕਤ ਨਹੀਂ ਕੀਤੀ। ਇਸ ਸਵਾਲ ਦੇ ਨਾਲ ਹੀ ਉਨ੍ਹਾਂ ਦੇ ਬ੍ਰੇਕਅੱਪ ਦੀਆਂ ਖਬਰਾਂ ਫਿਰ ਤੋਂ ਉੱਠ ਰਹੀਆਂ ਹਨ। ਅਜਿਹਾ ਇਸ ਲਈ ਵੀ ਹੈ ਕਿਉਂਕਿ ਮਲਾਇਕਾ ਪਿਛਲੇ ਕਈ ਸਾਲਾਂ ਤੋਂ ਖਾਸ ਤੌਰ 'ਤੇ ਅਰਜੁਨ ਕਪੂਰ ਦਾ ਜਨਮਦਿਨ ਸੈਲੀਬ੍ਰੇਟ ਕਰ ਰਹੀ ਹੈ। ਪਰ, ਇਸ ਸਮੇਂ ਤੱਕ ਉਸਨੇ ਆਪਣੇ ਪ੍ਰੇਮੀ ਲਈ ਕੋਈ ਪੋਸਟ ਸ਼ੇਅਰ ਨਹੀਂ ਕੀਤੀ ਹੈ। ਹੁਣ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਸ਼ੇਅਰ ਕੀਤੀ ਹੈ, ਜੋ ਵਾਇਰਲ ਹੋ ਰਹੀ ਹੈ।ਮਲਾਇਕਾ ਅਰੋੜਾ ਨੇ ਅਰਜੁਨ ਕਪੂਰ ਦੇ ਜਨਮਦਿਨ 'ਤੇ ਇਕ ਪੋਸਟ ਸ਼ੇਅਰ ਕੀਤੀ ਹੈ, ਜਿਸ ਨੂੰ ਦੇਖ ਕੇ ਪ੍ਰਸ਼ੰਸਕਾਂ ਨੂੰ ਸ਼ੱਕ ਹੈ ਕਿ ਕੀ ਅਰਜੁਨ ਨੇ ਮਲਾਇਕਾ ਦਾ 'ਭਰੋਸਾ' ਤੋੜਿਆ ਹੈ? ਅਤੇ ਕੀ ਇਹੀ ਕਾਰਨ ਹੈ ਕਿ ਦੋਵਾਂ ਵਿਚਕਾਰ ਦਰਾਰ ਪੈਦਾ ਹੋ ਗਈ ਹੈ।

ਕੀ ਮਲਾਇਕਾ ਅਤੇ ਅਰਜੁਨ ਵਿਚਾਲੇ ਸਭ ਕੁਝ ਠੀਕ ਹੈ?

ਪ੍ਰਸ਼ੰਸਕ ਇਹ ਸਵਾਲ ਹੋਰ ਵੀ ਪੁੱਛ ਰਹੇ ਹਨ ਕਿਉਂਕਿ ਅਰਜੁਨ ਦੇ ਜਨਮਦਿਨ 'ਤੇ ਹਮੇਸ਼ਾ ਸੁਪਰ ਐਕਸਾਈਟਿਡ ਰਹਿਣ ਵਾਲੀ ਮਲਾਇਕਾ ਨੇ ਅਜੇ ਤੱਕ ਉਨ੍ਹਾਂ ਦੇ ਜਨਮਦਿਨ ਦੀ ਕੋਈ ਵੀ ਪੋਸਟ ਸੋਸ਼ਲ ਮੀਡੀਆ 'ਤੇ ਸ਼ੇਅਰ ਨਹੀਂ ਕੀਤੀ ਹੈ। ਪਰ ਉਨ੍ਹਾਂ ਨੇ ਇੱਕ ਪੋਸਟ ਜ਼ਰੂਰ ਸ਼ੇਅਰ ਕੀਤੀ ਹੈ, ਜੋ ਸੁਰਖੀਆਂ 'ਚ ਹੈ। ਅਦਾਕਾਰਾ ਨੇ ਆਪਣੀ ਇੰਸਟਾ ਪੋਸਟ 'ਚ ਲਿਖਿਆ ਹੈ, 'ਮੈਨੂੰ ਉਹ ਲੋਕ ਪਸੰਦ ਹਨ ਜਿਨ੍ਹਾਂ 'ਤੇ ਮੈਂ ਅੱਖਾਂ ਬੰਦ ਕਰਕੇ ਭਰੋਸਾ ਕਰ ਸਕਦੀ ਹਾਂ।'ਮਲਾਇਕਾ ਨੇ ਬਿਨਾਂ ਕਿਸੇ ਕੈਪਸ਼ਨ ਦੇ ਪੋਸਟ ਸ਼ੇਅਰ ਕੀਤੀ ਹੈ, ਜੋ ਹੁਣ ਵਾਇਰਲ ਹੋ ਰਹੀ ਹੈ।

ਦੱਸ ਦਈਏ ਕਿ ਮਲਾਇਕਾ ਅਤੇ ਅਰਜੁਨ ਨੇ ਆਪਣੀ ਡੇਟਿੰਗ ਲਾਈਫ ਨੂੰ 2019 'ਚ ਜਨਤਕ ਕੀਤਾ ਸੀ। ਹਾਲਾਂਕਿ, ਕੁਝ ਹਫਤੇ ਪਹਿਲਾਂ ਖਬਰ ਆਈ ਕਿ ਉਹ ਅਤੇ ਮਲਾਇਕਾ ਵੱਖ ਹੋ ਗਏ ਹਨ। ਮਲਾਇਕਾ ਅਤੇ ਅਰਜੁਨ ਦਾ ਬਹੁਤ ਖਾਸ ਰਿਸ਼ਤਾ ਸੀ ਅਤੇ ਉਹ ਦੋਵੇਂ ਇੱਕ ਦੂਜੇ ਦੇ ਦਿਲਾਂ 'ਚ ਖਾਸ ਜਗ੍ਹਾ ਰੱਖਦੇ ਹਨ। ਉਨ੍ਹਾਂ ਨੇ ਵੱਖ ਹੋਣ ਦਾ ਫੈਸਲਾ ਕੀਤਾ ਹੈ ਅਤੇ ਇਸ ਮਾਮਲੇ 'ਤੇ ਸਨਮਾਨਜਨਕ ਚੁੱਪੀ ਬਣਾਈ ਰੱਖਣਗੇ।

ਦੱਸਣਯੋਗ ਹੈ ਕਿ ਮਲਾਇਕਾ ਅਰੋੜਾ ਅਤੇ ਅਰਜੁਨ ਕਪੂਰ ਦੇ ਰਿਲੇਸ਼ਨਸ਼ਿਪ ਸਟੇਟਸ ਨੂੰ ਲੈ ਕੇ ਅਟਕਲਾਂ ਤੇਜ਼ ਹੋ ਗਈਆਂ ਸਨ ਜਦੋਂ ਅਰਜੁਨ ਦੇ ਅੱਧੀ ਰਾਤ ਦੇ ਜਨਮਦਿਨ ਦੇ ਜਸ਼ਨ 'ਚ ਬਾਲੀਵੁੱਡ ਅਦਾਕਾਰਾ ਨਜ਼ਰ ਨਹੀਂ ਆਈ।ਅਰਜੁਨ ਨੇ ਘਰ ਜੁਹੂ 'ਚ ਇੱਕ ਪਾਰਟੀ ਦਾ ਆਯੋਜਨ ਕੀਤਾ ਗਿਆ ਸੀ, ਜਿਸ 'ਚ ਸਿਤਾਰਿਆਂ ਦਾ ਇਕੱਠ ਸੀ।

## ਨਾਗਾਰਜੁਨ ਦੇ ਬਾਅਦ ਹੁਣ ਧਨੁਸ਼ ਦੇ ਬਾਡੀਗਾਰਡ ਨੇ ਫੈਨਜ਼ ਨੂੰ ਮਾਰਿਆ ਧੱਕਾ




ਸਾਊਥ ਦੇ ਸੁਪਰਸਟਾਰ ਨਾਗਾਰਜੁਨ ਨੂੰ ਹਾਲ ਹੀ 'ਚ ਸਖ਼ਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਜਦੋਂ ਉਨ੍ਹਾਂ ਦੇ ਬਾਡੀਗਾਰਡ ਨੇ ਮੁੰਬਈ ਏਅਰਪੋਰਟ 'ਤੇ ਇਕ ਅਪਾਹਜ ਫੈਨਜ਼ ਨੂੰ ਧੱਕਾ ਦਿੰਦੇ ਦੇਖਿਆ ਗਿਆ। ਨਾਗਾਰਜੁਨ ਮਾਮਲੇ ਦੀ ਜਾਂਚ ਕੀਤੇ ਬਿਨਾਂ ਉਥੋਂ ਚਲੇ ਗਏ। ਹਾਲਾਂਕਿ, ਜਦੋਂ ਵੀਡੀਓ ਵਾਇਰਲ ਹੋਇਆ, ਤਾਂ ਨਾਗਾਰਜੁਨ ਨੇ ਇਸ ਘਟਨਾ ਲਈ ਮੁਆਫੀ ਮੰਗੀ ਅਤੇ ਪ੍ਰਸ਼ੰਸਕਾਂ ਨੂੰ ਵਾਅਦਾ ਕੀਤਾ ਕਿ ਉਹ ਭਵਿੱਖ 'ਚ ਸਾਵਧਾਨ ਰਹਿਣਗੇ। ਇਹ ਮਾਮਲਾ ਸ਼ਾਂਤ ਹੋਇਆ ਸੀ ਕਿ ਹੁਣ ਸਾਊਥ ਐਕਟਰ ਧਨੁਸ਼ ਦਾ ਵੀ ਅਜਿਹਾ ਹੀ ਇੱਕ ਵੀਡੀਓ ਸਾਹਮਣੇ ਆਇਆ ਹੈ। ਵੀਡੀਓ 'ਚ ਉਨ੍ਹਾਂ ਦਾ ਬਾਡੀਗਾਰਡ ਇੱਕ ਫੈਨਜ਼ ਨੂੰ ਧੱਕਾ ਮਾਰਦਾ ਨਜ਼ਰ ਆ ਰਿਹਾ ਹੈ।

ਧਨੁਸ਼ ਦਾ ਇਹ ਵੀਡੀਓ ਜੁਹੂ ਬੀਚ ਦਾ ਹੈ। ਜਿੱਥੇ ਧਨੁਸ਼ ਆਪਣੀ ਫ਼ਿਲਮ 'ਕੁਬੇਰ' ਦੀ ਸ਼ੂਟਿੰਗ ਕਰਨ ਪਹੁੰਚੇ ਸਨ। ਜੋ ਵੀਡੀਓ ਸਾਹਮਣੇ ਆਇਆ ਹੈ, ਉਸ 'ਚ ਦੇਖਿਆ ਜਾ ਸਕਦਾ ਹੈ ਕਿ ਧਨੁਸ਼ ਬੀਚ 'ਤੇ ਪੁੱਜਦੇ ਹਨ ਤਾਂ ਉੱਥੇ ਮੌਜੂਦ ਲੋਕ ਉਸ ਦੀ ਫੋਟੋ ਖਿੱਚਣ ਲੱਗ ਪੈਂਦੇ ਹਨ। ਉਦੋਂ ਹੀ ਇਕ ਬਾਡੀਗਾਰਡ ਸਾਹਮਣੇ ਆਉਂਦਾ ਹੈ ਅਤੇ ਪ੍ਰਸ਼ੰਸਕਾਂ ਨੂੰ ਧੱਕਾ ਦੇ ਕੇ ਉਥੋਂ ਹਟਣ ਲਈ ਕਹਿੰਦਾ ਹੈ। ਹਾਲਾਂਕਿ, ਧਨੁਸ਼ ਵੀ ਇਸ ਮਾਮਲੇ 'ਤੇ ਪ੍ਰਤੀਕਿਰਿਆ ਨਹੀਂ ਦਿੰਦੇ ਹਨ ਅਤੇ ਅੱਗੇ ਵਧਦੇ ਹਨ।

ਦੱਸ ਦਈਏ ਕਿ ਧਨੁਸ਼ ਦਾ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਨੂੰ ਦੇਖਣ ਤੋਂ ਬਾਅਦ ਨੈਟਿਜ਼ਮ ਇਕ ਵਾਰ ਫਿਰ ਸੈਲੀਬ੍ਰਿਟੀ ਬਾਡੀਗਾਰਡਸ 'ਤੇ ਨਿਸ਼ਾਨਾ ਸਾਧ ਰਹੇ ਹਨ। ਵੀਡੀਓ ਪੋਸਟ 'ਤੇ ਨੈਟਿਜ਼ਮ ਦਾ ਕਹਿਣਾ ਹੈ ਕਿ ਇਹ ਪ੍ਰਸ਼ੰਸਕਾਂ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਮਸ਼ਹੂਰ ਹਸਤੀਆਂ ਜਾਣ-ਬੁੱਝ ਕੇ ਅਜਿਹੀਆਂ ਹਰਕਤਾਂ ਕਰਦੀਆਂ ਹਨ ਪਰ ਉਨ੍ਹਾਂ ਨੂੰ ਕੋਈ ਨਹੀਂ ਰੋਕਦਾ। ਇਕ ਯੂਜ਼ਰ ਨੇ ਲਿਖਿਆ- ਇਹ ਸਹੀ ਨਹੀਂ ਹੈ... ਪਹਿਲਾਂ ਤੁਸੀਂ ਪ੍ਰਸ਼ੰਸਕਾਂ ਨੂੰ ਹੱਥ ਜੋੜ ਕੇ ਫ਼ਿਲਮ ਦੇਖਣ ਦੀ ਅਪੀਲ ਕਰਦੇ ਹੋ ਅਤੇ ਫਿਰ ਬਾਅਦ 'ਚ ਉਨ੍ਹਾਂ ਨੂੰ ਧੱਕਾ ਦਿੰਦੇ ਹੋ। ਦੂਜੇ ਨੇ ਲਿਖਿਆ- ਇਹ ਕਿਹੋ ਜਿਹਾ ਪ੍ਰਚਾਰ ਹੈ ਭਾਈ? ਇੱਕ ਨੇ ਲਿਖਿਆ- ਅਗਲੀ ਵਾਰ ਜੇਕਰ ਬਾਡੀਗਾਰਡ ਆਮ ਲੋਕਾਂ ਨਾਲ ਅਜਿਹਾ ਕਰਦੇ ਹਨ ਤਾਂ ਬਾਡੀਗਾਰਡ ਟੀਮ 'ਤੇ ਹਮਲਾ ਕਰੋ।

## ਦਿਲਜੀਤ ਨੇ ਆਪਣੇ ਹੱਥਾਂ ਨਾਲ ਨੀਰੂ ਬਾਜਵਾ ਲਈ ਤਿਆਰ ਕੀਤੇ ਅੰਮ੍ਰਿਤਸਰੀ ਨਾਨ




ਮਸ਼ਹੂਰ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਤੇ ਨੀਰੂ ਬਾਜਵਾ ਇਨ੍ਹੀਂ ਦਿਨੀਂ ਆਪਣੀ ਫ਼ਿਲਮ 'ਜੱਟ ਐਂਡ ਜੂਲੀਅਟ 3' ਨੂੰ ਲੈ ਕੇ ਸੁਰਖੀਆਂ 'ਚ ਹਨ। ਹਾਲ ਹੀ 'ਚ ਦਿਲਜੀਤ ਦੋਸਾਂਝ ਤੇ ਨੀਰੂ ਬਾਜਵਾ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀ ਹੈ, ਜਿਸ 'ਚ ਦੋਵੇਂ ਅੰਮ੍ਰਿਤਸਰੀ ਨਾਨ ਦਾ ਸਵਾਦ ਲੈਂਦੇ ਨਜ਼ਰ ਆ ਰਹੇ ਹਨ।

ਦੱਸ ਦਈਏ ਕਿ ਗਾਇਕੀ ਤੇ ਅਦਾਕਾਰੀ ਦੇ ਨਾਲ-ਨਾਲ ਦਿਲਜੀਤ ਦੋਸਾਂਝ ਸੋਸ਼ਲ ਮੀਡੀਆ 'ਤੇ ਵੀ ਕਾਫ਼ੀ ਐਕਟਿਵ ਰਹਿੰਦੇ ਹਨ। ਉਹ ਅਕਸਰ ਹੀ ਆਪਣੇ ਫੈਨਜ਼ ਨਾਲ ਆਪਣੀ ਕਈ ਵੀਡੀਓ ਤੇ ਮਜ਼ੇਦਾਰ ਰੀਲਸ ਪਾਉਂਦੇ ਰਹਿੰਦੇ ਹਨ। ਮੌਜੂਦਾ ਸਮੇਂ 'ਚ ਦਿਲਜੀਤ ਦੋਸਾਂਝ ਅਤੇ ਨੀਰੂ ਬਾਜਵਾ ਫ਼ਿਲਮ 'ਜੱਟ ਐਂਡ ਜੂਲੀਅਤ 3' ਦੀ ਪ੍ਰਮੋਸ਼ਨ 'ਚ ਰੁੱਝੇ ਹੋਏ ਹਨ। ਇਸ ਵਿਚਾਲੇ ਬੀਤੇ ਦਿਨੀਂ ਦੋਵੇਂ ਕਲਾਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਅੰਮ੍ਰਿਤਸਰ ਪਹੁੰਚੇ। ਉਨ੍ਹਾਂ ਗੁਰੂ ਘਰ ਪਹੁੰਚ ਕੇ ਆਪਣੀ ਫ਼ਿਲਮ ਦੀ ਸਫ਼ਲਤਾ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮਗਰੋਂ ਇਹ ਸਟਾਰ ਜੋੜੀ ਇੱਕ ਢਾਬੇ 'ਤੇ ਪਹੁੰਚ ਕੇ ਅੰਮ੍ਰਿਤਸਰੀ ਨਾਨ ਦਾ ਆਨੰਦ ਮਾਣਦੀ ਨਜ਼ਰ ਆਈ, ਜਿਸ ਦੀ ਵੀਡੀਓ ਦਿਲਜੀਤ ਦੋਸਾਂਝ ਦੀ ਟੀਮ ਵੱਲੋਂ ਉਨ੍ਹਾਂ ਦੇ ਅਧਿਕਾਰਿਤ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਗਈ ਹੈ। ਸ਼ੇਅਰ ਕੀਤੀ ਗਈ ਇਸ ਵੀਡੀਓ 'ਚ ਤੁਸੀਂ ਵੇਖ ਸਕਦੇ ਹੋ ਕਿ ਦਿਲਜੀਤ ਦੋਸਾਂਝ ਤੇ ਨੀਰੂ ਬਾਜਵਾ ਇੱਕ ਤੰਦੂਰ ਦੇ ਸਾਹਮਣੇ ਖੜ੍ਹੇ ਨਜ਼ਰ ਆ ਰਹੇ ਹਨ। ਇਹ ਦੋਵੇਂ ਇੱਥੇ ਨਾਨ ਖਾਣ ਲਈ ਪਹੁੰਚੇ ਹਨ। ਦਿਲਜੀਤ ਦੋਸਾਂਝ ਤੰਦੂਰ ਤੋਂ ਇੱਕ ਨਾਨ ਲਿਆ ਆਪ ਆਪਣੇ ਹੱਥਾਂ ਨਾਲ ਤਿਆਰ ਕਰਕੇ ਨੀਰੂ ਬਾਜਵਾ ਨੂੰ ਪਰੋਸਦੇ ਹੋਏ ਨਜ਼ਰ ਆ ਰਹੇ ਹਨ। ਇਸ ਦੇ ਨਾਲ ਹੀ ਉਹ ਬਹੁਤ ਹੀ ਕਿਊਟ ਅੰਦਾਜ਼ 'ਚ ਇੱਕ ਦੂਜੇ ਨੂੰ ਆਪਣੇ ਹੱਥਾਂ ਨਾਲ ਖੁਆਉਂਦੇ ਹੋਏ ਨਜ਼ਰ ਆ ਰਹੇ ਹਨ।

ਵੀਡੀਓ 'ਚ ਦੋਹਾਂ ਦੇ ਲੁੱਕ ਦੀ ਗੱਲ ਕਰੀਏ ਤਾਂ ਦੋਵੇਂ ਰਿਵਾਇਤੀ ਪੰਜਾਬੀ ਪਹਿਰਾਵੇ 'ਚ ਨਜ਼ਰ ਆ ਰਹੇ ਹਨ। ਨੀਰੂ ਬਾਜਵਾ ਨੇ ਚਿੱਟੇ ਤੇ ਗੁਲਾਬੀ ਰੰਗ ਦਾ ਸੂਟ ਪਾਇਆ ਹੋਇਆ ਹੈ ਤੇ ਦਿਲਜੀਤ ਦੋਸਾਂਝ ਨੇ ਚਿੱਟੇ ਕੁੜਤੇ ਪਜਾਮੇ ਦੇ ਨਾਲ ਲਾਲ ਰੰਗ ਦੀ ਦਸਤਾਰ ਬੰਨੀ ਹੈ। ਇਸ ਦੇ ਨਾਲ ਹੀ ਉਹ ਇੱਕ ਦੁਕਾਨ 'ਤੇ ਪੰਜਾਬੀ ਜੁੱਤੀਆਂ ਵੀ ਖਰੀਦਦੇ ਹੋਏ ਨਜ਼ਰ ਆ ਰਹੇ ਹਨ। ਇਸ ਮਗਰੋਂ ਇਸ ਜੋੜੀ ਨੇ ਆਪਣੇ ਫੈਨਜ਼ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨਾਲ ਤਸਵੀਰਾਂ ਵੀ ਖਿਚਵਾਈਆਂ। ਜੇਕਰ ‘ਜੱਟ ਐਂਡ ਜੂਲੀਅਟ’ ਫਰੈਂਚਾਇਜ਼ੀ ਦੀ ਗੱਲ ਕੀਤੀ ਜਾਵੇ ਤਾਂ ਇਸ ਦੀ ਆਖਰੀ ਫ਼ਿਲਮ ਯਾਨੀ ‘ਜੱਟ ਐਂਡ ਜੂਲੀਅਟ 2’ ਸਾਲ 2013 ’ਚ ਰਿਲੀਜ਼ ਹੋਈ ਸੀ, ਯਾਨੀ ਕਿ 11 ਸਾਲਾਂ ਬਾਅਦ ਇਸ ਫਰੈਂਚਾਇਜ਼ੀ ਦਾ ਤੀਜਾ ਭਾਗ ‘ਜੱਟ ਐਂਡ ਜੂਲੀਅਟ 3’ ਰਿਲੀਜ਼ ਹੋਣ ਜਾ ਰਿਹਾ ਹੈ ਪਰ ਕਹਿੰਦੇ ਹਨ ਕਿ ਦੇਰ ਆਏ ਦਰੁਸਤ ਆਏ ਤੇ ਇਹੀ ਚੀਜ਼ ‘ਜੱਟ ਐਂਡ ਜੂਲੀਅਟ 3’ ਨਾਲ ਹੋਈ ਹੈ।

ਦੱਸ ਦਈਏ ਕਿ ਫ਼ਿਲਮ ਦਾ ਟਰੇਲਰ ਸ਼ਾਨਦਾਰ ਹੈ, ਜਿਹੜਾ ਅੱਜ ਦੇ ਮਾਹੌਲ ਦੀ ਟੈਕਨਾਲੋਜੀ ਤੇ ਟੀਮ ਨਾਲ ਮਿਲ ਕੇ ਬਣਾਇਆ ਗਿਆ ਹੈ, ਜੋ ਦਰਸ਼ਕਾਂ ਨੂੰ ਸ਼ਾਨਦਾਰ ਕੁਆਲਿਟੀ ਦੇਣ ਦੀ ਗਾਰੰਟੀ ਦੇ ਰਿਹਾ ਹੈ। ਇਸ ਦੇ ਨਾਲ ਹੀ ਹਰ ਫ਼ਿਲਮ ਨਾਲ ਆਪਣੀ ਅਦਾਕਾਰੀ ਨੂੰ ਹੋਰ ਵੀ ਮਜ਼ਬੂਤ ਕਰ ਚੁੱਕੇ ਦਿਲਜੀਤ ਤੇ ਨੀਰੂ ਹਰ ਸੀਨ ਨੂੰ ਆਪਣੇ ਟੈਲੰਟ ਨਾਲ ਭਰ ਰਹੇ ਹਨ। ਫ਼ਿਲਮ ’ਚ ਪੁਰਾਣੇ ਕਿਰਦਾਰਾਂ ਦੇ ਨਾਲ-ਨਾਲ ਬਹੁਤ ਸਾਰੇ ਨਵੇਂ ਕਿਰਦਾਰ ਵੀ ਦੇਖਣ ਨੂੰ ਮਿਲਣ ਵਾਲੇ ਹਨ, ਖ਼ਾਸ ਕਰਕੇ ਲਹਿੰਦੇ ਪੰਜਾਬ ਦੇ ਨਾਸਿਰ ਚਿਨਓਟੀ ਤੇ ਅਕਰਮ ਉਦਾਸ, ਜਿਨ੍ਹਾਂ ਨੂੰ ਕਾਮੇਡੀ ਦੇ ਦਿੱਗਜ ਮੰਨਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਜੈਸਮੀਨ ਬਾਜਵਾ, ਰਾਣਾ ਰਣਬੀਰ, ਬੀ. ਐੱਨ. ਸ਼ਰਮਾ, ਗੁਰਮੀਤ ਸਾਜਨ ਤੇ ਸਤਵੰਤ ਕੌਰ ਵਰਗੇ ਕਲਾਕਾਰ ਆਪਣੀ ਅਦਾਕਾਰੀ ਦੇ ਜੌਹਰ ਦਿਖਾਉਣ ਵਾਲੇ ਹਨ। ਫ਼ਿਲਮ ਦੇ ਲੇਖਕ ਤੇ ਡਾਇਰੈਕਟਰ ਜਗਦੀਪ ਸਿੱਧੂ ਹਨ, ਜੋ ‘ਛੜਾ’ ਫ਼ਿਲਮ ’ਚ ਦਿਲਜੀਤ ਤੇ ਨੀਰੂ ਨਾਲ ਪਹਿਲਾਂ ਵੀ ਕੰਮ ਕਰ ਚੁੱਕੇ ਹਨ। ਇਨ੍ਹਾਂ ਤਿੰਨਾਂ ਦੀ ਕੈਮਿਸਟਰੀ ਬਾਕਮਾਲ ਹੈ, ਜੋ ‘ਛੜਾ’ ਫ਼ਿਲਮ ’ਚ ਵੀ ਦੇਖਣ ਨੂੰ ਮਿਲੀ ਸੀ। ਉਥੇ ਜਗਦੀਪ ਸਿੱਧੂ ਪੰਜਾਬੀ ਫ਼ਿਲਮ ਜਗਤ ਨੂੰ ਸ਼ਾਨਦਾਰ ਫ਼ਿਲਮ ਦੇ ਚੁੱਕੇ ਹਨ, ਜਿਨ੍ਹਾਂ ’ਚ ‘ਕਿਸਮਤ’, ‘ਨਿੱਕਾ ਜ਼ੈਲਦਾਰ’ ਤੇ ‘ਹਰਜੀਤਾ’ ਸ਼ਾਮਲ ਹਨ। ਅਜਿਹੇ ’ਚ ਬਹੁਤ ਸਾਰੀਆਂ ਉਮੀਦਾਂ ‘ਜੱਟ ਐਂਡ ਜੂਲੀਅਟ 3’ ਫ਼ਿਲਮ ਨਾਲ ਜੁੜੀਆਂ ਹੋਈਆਂ ਹਨ। ਫ਼ਿਲਮ 27 ਜੂਨ, 2024 ਨੂੰ ਦੁਨੀਆ ਭਰ ’ਚ ਰਿਲੀਜ਼ ਹੋਣ ਜਾ ਰਹੀ ਹੈ, ਜੋ ਉਮੀਦ ਹੈ ਕਿ ਫ਼ਿਲਮੀ ਦਰਸ਼ਕਾਂ ਦੀਆਂ ਉਮੀਦਾਂ ’ਤੇ ਖ਼ਰੀ ਉਤਰੇਗੀ।

# ਦੁਨੀਆ ਭਰ 'ਚ ਵਧਣ ਲੱਗੇ ਡੇਂਗੂ ਦੇ ਮਾਮਲੇ, ਅਮਰੀਕੀ ਡਾਕਟਰਾਂ ਨੂੰ ਚੌਕਸ ਰਹਿਣ ਦੇ ਦਿੱਤੇ ਨਿਰਦੇਸ਼



ਦੁਨੀਆ ਭਰ 'ਚ ਡੇਂਗੂ ਦੇ ਮਾਮਲੇ ਵਧਣ 'ਤੇ ਅਮਰੀਕੀ ਸਿਹਤ ਅਧਿਕਾਰੀਆਂ ਨੇ ਮੰਗਲਵਾਰ ਨੂੰ ਡਾਕਟਰਾਂ ਨੂੰ ਚੌਕਸ ਕਰਨ ਦੇ ਨਿਰਦੇਸ਼ ਦਿੱਤੇ ਹਨ। ਡੇਂਗੂ ਮੱਛਰਾਂ ਦੇ ਕੱਟਣ ਨਾਲ ਫੈਲਦਾ ਹੈ ਅਤੇ ਇਸ ਦੇ ਮਾਮਲੇ ਤੇਜ਼ੀ ਨਾਲ ਪੂਰੀ ਦੁਨੀਆ 'ਚ ਵੱਧ ਰਹੇ ਹਨ। 6 ਮਹੀਨਿਆਂ ਅੰਦਰ ਹੀ ਅਮਰੀਕਾ 'ਚ ਡੇਂਗੂ ਦੇ ਮਾਮਲਿਆਂ ਨੇ ਸਾਲ ਭਰ ਦਾ ਰਿਕਾਰਡ ਤੋੜ ਦਿੱਤਾ ਹੈ। ਜਲਵਾਯੂ ਪਰਿਵਰਤਨ ਨੂੰ ਵੀ ਡੇਂਗੂ ਦੇ ਮਾਮਲੇ ਵਧਣ ਲਈ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ।

ਵਿਸ਼ਵ ਸਿਹਤ ਸੰਗਠਨ ਨੇ ਦਸੰਬਰ 'ਚ ਡੇਂਗੂ ਨੂੰ ਐਮਰਜੈਂਸੀ ਸਥਿਤੀ ਅਤੇ ਮਾਰਚ 'ਚ ਪਿਊਟਰੋ ਰਿਕੋ 'ਚ ਇਸ ਨੂੰ ਜਨਤਕ ਸਿਹਤ ਐਮਰਜੈਂਸੀ ਐਲਾਨ ਕੀਤਾ ਸੀ। ਰੋਗ ਕੰਟਰੋਲ ਅਤੇ ਰੋਕਥਾਮ ਕੇਂਦਰ ਨੇ ਮੰਗਲਵਾਰ ਨੂੰ ਜਾਰੀ ਸਿਹਤ ਚਿਤਾਵਨੀ 'ਚ ਡਾਕਟਰਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਲੱਛਣਾਂ ਨੂੰ ਪਛਾਣਨ, ਰੋਗੀਆਂ ਤੋਂ ਉਨ੍ਹਾਂ ਵਲੋਂ ਕੀਤੀ ਗਈ ਯਾਤਰਾ ਦੇ ਸੰਬੰਧ 'ਚ ਪੁੱਛਣ ਅਤੇ ਜ਼ਰੂਰੀ ਪੈਣ 'ਤੇ ਡੇਂਗੂ ਦੀ ਜਾਂਚ ਕਰਵਾਉਣ। ਪਿਛਲੇ ਸਾਲ ਦੁਨੀਆ ਭਰ 'ਚ ਲਗਭਗ 80 ਦੇਸ਼ਾਂ 'ਚ 66 ਲੱਖ ਤੋਂ ਵੱਧ ਇੰਫੈਕਸ਼ਨ ਦੇ ਮਾਮਲੇ ਸਾਹਮਣੇ ਆਏ ਸਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਇਸ ਸਾਲ ਦੇ ਪਹਿਲੇ ਚਾਰ ਮਹੀਨਿਆਂ 'ਚ ਡੇਂਗੂ ਦੇ 79 ਲੱਖ ਮਾਮਲੇ ਸਾਹਮਣੇ ਆਏ ਅਤੇ ਚਾਰ ਹਜ਼ਾਰ ਲੋਕਾਂ ਦੀ ਮੌਤ ਹੋਈ।

# ਭਾਰਤੀ-ਅਮਰੀਕੀ ਜੋੜੇ ਨੂੰ ਕੋਰਟ ਨੇ ਸੁਣਾਈ ਸਜ਼ਾ



ਅਮਰੀਕਾ ਦੀ ਇਕ ਅਦਾਲਤ ਨੇ ਇਕ ਭਾਰਤੀ-ਅਮਰੀਕੀ ਜੋੜੇ ਨੂੰ ਆਪਣੇ ਰਿਸ਼ਤੇਦਾਰ ਨੂੰ ਸਕੂਲ 'ਚ ਦਾਖ਼ਲਾ ਦਿਵਾਉਣ ਦਾ ਲਾਲਚ ਦੇ ਕੇ ਅਮਰੀਕਾ ਲਿਆਉਣ ਅਤੇ ਉਸ ਨੂੰ ਤਿੰਨ ਸਾਲ ਤੋਂ ਵੱਧ ਸਮੇਂ ਤੱਕ ਆਪਣੇ ਗੈਸ ਸਟੇਸ਼ਨ ਅਤੇ ਡਿਪਾਰਟਮੈਂਟਲ ਸਟੋਰ 'ਤੇ ਕੰਮ ਕਰਨ ਲਈ ਮਜ਼ਬੂਰ ਕਰਨ ਦੇ ਦੋਸ਼ 'ਚ ਜੇਲ੍ਹ ਦੀ ਸਜ਼ਾ ਸੁਣਾਈ ਹੈ। ਹਰਮਨਪ੍ਰੀਤ ਸਿੰਘ (31) ਨੂੰ ਅਦਾਲਤ ਨੇ 135 ਮਹੀਨੇ (11.25 ਸਾਲ) ਅਤੇ ਕੁਲਬੀਰ ਕੌਰ (43) ਨੂੰ 87 ਮਹੀਨੇ (7.25 ਸਾਲ) ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ। ਨਾਲ ਹੀ ਆਪਣੇ ਚਚੇਰੇ ਭਰਾ ਅਤੇ ਪੀੜਤ ਨੂੰ ਲਗਭਗ 1.87 ਕਰੋੜ ਰੁਪਏ ਦਾ ਮੁਆਵਜ਼ਾ ਦੇਣ ਲਈ ਵੀ ਕਿਹਾ ਗਿਆ ਹੈ। ਜੋੜੇ ਦਾ ਹੁਣ ਤਲਾਕ ਹੋ ਚੁੱਕਿਆ ਹੈ।

ਨਿਆਂ ਵਿਭਾਗ ਦੇ ਨਾਗਰਿਕ ਅਧਿਕਾਰ ਡਿਵੀਜ਼ਨ ਦੇ ਸਹਾਇਕ ਅਟਾਰਨੀ ਜਨਰਲ ਕ੍ਰਿਸਟਨ ਕਲਾਰਕ ਨੇ ਕਿਹਾ,''ਦੋਸ਼ੀਆਂ ਨੇ ਪੀੜਤ ਨਾਲ ਆਪਣੇ ਸੰਬੰਧਾਂ ਦਾ ਫ਼ਾਇਦਾ ਚੁੱਕ ਕੇ ਉਸ ਨੂੰ ਅਮਰੀਕਾ 'ਚ ਲਿਆਉਣ ਲਈ ਝੂਠੇ ਵਾਅਦੇ ਕੀਤੇ ਕਿ ਉਹ ਉਸ ਨੂੰ ਸਕੂਲ 'ਚ ਦਾਖ਼ਲਾ ਦਿਵਾਉਣ 'ਚ ਮਦਦ ਕਰਨਗੇ।'' ਉਨ੍ਹਾਂ ਕਿਹਾ,''ਮੁਲਜ਼ਮਾਂ ਨੇ ਪੀੜਤ ਦੇ ਇਮੀਗ੍ਰੇਸ਼ਨ ਦਸਤਾਵੇਜ਼ਾਂ ਨੂੰ ਜ਼ਬਤ ਕਰ ਲਿਆ ਅਤੇ ਘੱਟੋ-ਘੱਟ ਤਨਖਾਹ 'ਤੇ ਲੰਬੇ ਸਮੇਂ ਤੱਕ ਕੰਮ ਕਰਨ ਲਈ ਮਜ਼ਬੂਰ ਕਰਨ ਲਈ ਉਸ ਨੂੰ ਧਮਕੀਆਂ ਦਿੱਤੀਆਂ, ਸਰੀਰਕ ਜ਼ੋਰ ਦਾ ਪ੍ਰਯੋਗ ਕੀਤਾ ਅਤੇ ਮਾਨਸਿਕ ਰੂਪ ਨਾਲ ਤਸੀਹੇ ਦਿੱਤੇ।'' ਉਨ੍ਹਾਂ ਕਿਹਾ,''ਇਸ ਸਜ਼ਾ ਤੋਂ ਇਹ ਸਖ਼ਤ ਸੰਦੇਸ਼ ਜਾਣਾ ਚਾਹੀਦਾ ਹੈ ਕਿ ਸਾਡੇ ਭਾਈਚਾਰਿਆਂ 'ਚ ਇਸ ਤਰ੍ਹਾਂ ਦੀ ਜ਼ਬਰਨ ਮਜ਼ਦੂਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।'' ਨਿਆਂ ਵਿਭਾਗ ਨੇ ਕਿਹਾ ਕਿ ਮੁਕੱਦਮੇ 'ਚ ਪੇਸ਼ ਕੀਤੇ ਗਏ ਸਬੂਤਾਂ ਤੋਂ ਪਤਾ ਲੱਗਾ ਹੈ ਕਿ 2018 'ਚ ਬਚਾਅ ਪੱਖ ਨੇ ਉਸ ਸਮੇਂ ਨਾਬਾਲਗ ਰਹੇ ਪੀੜਤ ਨੂੰ ਸਕੂਲ 'ਚ ਦਾਖ਼ਲਾ ਦਿਵਾਉਣ 'ਚ ਮਦਦ ਕਰਨ ਦਾ ਝੂਠਾ ਵਾਅਦਾ ਕਰ ਕੇ ਭਾਰਤ ਤੋਂ ਅਮਰੀਕਾ ਆਉਣ ਦਾ ਲਾਲਚ ਦਿੱਤਾ।

# ਗੁਜਰਾਤ ਦੇ ਮੂਲ ਨਿਵਾਸੀ ਤੇ 120 ਮੋਟਲਾਂ ਦੇ ਮਾਲਕ ਨੂੰ ਧੱਕਾ ਮਾਰ ਕੇ ਉਤਾਰਿਆ ਮੌਤ ਦੇ ਘਾਟ





ਅਮਰੀਕਾ ਦੇ ਓਕਲਾਹੋਮਾ ਸੂਬੇ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜਿੱਥੇ ਗੁਜਰਾਤ ਸੂਬੇ ਦੇ ਨਵਸਾਰੀ ਜ਼ਿਲੇ ਦੇ ਪਿੰਡ ਬਿਲੀਮੋਰਾ ਦੇ ਨਾਲ ਪਿਛੋਕੜ ਰੱਖਣ ਵਾਲੇ ਜੋ ਕਈ ਸਾਲਾਂ ਤੋਂ ਅਮਰੀਕਾ 'ਚ ਵੱਸੇ, ਇਕ ਮੋਟਲ ਦੇ ਮਾਲਕ ਹਿੰਮਤ ਭਾਈ ਮਿਸਤਰੀ ਨੂੰ ਇਕ ਅਮਰੀਕੀ ਨੌਜਵਾਨ ਨੇ ਉਸ ਸਮੇਂ ਧੱਕਾ ਮਾਰ ਦਿੱਤਾ ਜਦੋਂ ਉਸ ਨੇ ਉਸ ਨੂੰ ਆਪਣੇ ਮੋਟਲ ਦੇ ਸਾਹਮਣੇ ਰੱਖਿਆ ਸਾਮਾਨ ਲਿਜਾਣ ਲਈ ਕਿਹਾ। ਇਸ ਕਾਰਨ ਮੋਟਲ ਦੇ ਮਾਲਕ ਹਿੰਮਤ ਭਾਈ ਮਿਸਤਰੀ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਸ ਦੀ ਦਰਦਨਾਕ ਮੌਤ ਹੋ ਗਈ। ਜਿਸ ਕਾਰਨ ਉਸਦੇ ਪਰਿਵਾਰ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ।

ਹਿੰਮਤ ਭਾਈ ਮਿਸਤਰੀ ਦੀ (ਉਮਰ 59) ਸਾਲ ਸੀ। ਜੋ ਦੋ ਦਹਾਕੇ ਪਹਿਲਾਂ ਭਾਰਤ ਛੱਡ ਕੇ ਆਪਣੇ ਪਰਿਵਾਰ ਨਾਲ ਅਮਰੀਕਾ ਆ ਕੇ ਵੱਸ ਗਏ ਸਨ। ਉਹ ਅਮਰੀਕਾ ਦੇ ਓਕਲਾਹੋਮਾ ਸ਼ਹਿਰ ਵਿੱਚ ਮੋਟਲ ਦਾ ਕਾਰੋਬਾਰ ਚਲਾ ਰਿਹਾ ਸੀ। ਉਹ 120 ਤੋਂ ਵੱਧ ਮੋਟਲਾਂ ਦਾ ਮਾਲਕ ਸੀ। ਹੇਮੰਤ ਭਾਈ ਮਿਸਤਰੀ ਬੀਤੀਂ ਰਾਤ ਕਰੀਬ 10:30 ਵਜੇ ਆਪਣੇ ਮੋਟਲ ਦੇ ਬਾਹਰ ਸੈਰ ਕਰਨ ਗਿਆ ਸੀ। ਫਿਰ ਉਸ ਨੇ ਦੇਖਿਆ ਕਿ ਇਕ ਅਣਪਛਾਤਾ ਅਮਰੀਕੀ ਨੌਜਵਾਨ ਮੋਟਲ ਦੇ ਸਾਹਮਣੇ ਆਪਣਾ ਸਾਮਾਨ ਛੱਡ ਕੇ ਆਇਆ ਸੀ। ਇਸ ਲਈ ਹੇਮੰਤਭਾਈ ਉਸ ਦੇ ਕੋਲ ਗਿਆ ਅਤੇ ਉਸ ਨੂੰ ਕਿਹਾ ਕਿ “ਆਪਣਾ ਸਮਾਨ ਇੱਥੋਂ ਹਟਾ ਦਿਉ, ਇਹ ਸੁਣ ਕੇ ਨੌਜਵਾਨ ਗੁੱਸੇ ਵਿਚ ਆ ਗਿਆ ਅਤੇ ਹੇਮੰਤ ਭਾਈ 'ਤੇ ਹਮਲਾ ਕਰਕੇ ਉਸ ਨੂੰ ਮੁੱਕਾ ਮਾਰ ਦਿੱਤਾ। ਜਿਸ ਕਾਰਨ ਹੇਮੰਤ ਭਾਈ ਸੜਕ 'ਤੇ ਡਿੱਗ ਗਿਆ ਅਤੇ ਉਸ ਦੇ ਸਿਰ 'ਤੇ ਗੰਭੀਰ ਸੱਟ ਲੱਗ ਗਈ ਅਤੇ ਦਿਮਾਗੀ ਹੈਮਰੇਜ ਹੋ ਗਿਆ। ਇਸ ਤੋਂ ਬਾਅਦ ਹਮਲਾਵਰ ਨੌਜਵਾਨ ਉੱਥੋਂ ਫਰਾਰ ਹੋ ਗਿਆ।

ਕਾਫੀ ਦੇਰ ਬਾਅਦ ਹੇਮੰਤ ਭਾਈ ਘਰ ਨਾ ਆਇਆ ਤਾਂ ਉਸ ਦੇ ਪਰਿਵਾਰ ਵਾਲੇ ਉਸ ਦੀ ਭਾਲ ਕਰਨ ਮੋਟਲ ਗਏ ਤਾਂ ਉਹ ਸੜਕ 'ਤੇ ਬੇਹੋਸ਼ੀ ਦੀ ਹਾਲਤ 'ਚ ਮਿਲਿਆ। ਜਿੱਥੋਂ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਜਦੋਂ ਡਾਕਟਰਾਂ ਨੇ ਚੈਕਅੱਪ ਤੋਂ ਬਾਅਦ ਉਸ ਨੂੰ ਬ੍ਰੇਨ ਡੈੱਡ ਐਲਾਨ ਦਿੱਤਾ ਤਾਂ ਪਰਿਵਾਰ 'ਚ ਮਾਤਮ ਛਾ ਗਿਆ। ਇਸ ਮਾਮਲੇ ਵਿੱਚ ਪੁਲਸ ਨੇ ਘਟਨਾ ਦੇ ਸੀਸੀਟੀਵੀ ਦੀ ਜਾਂਚ ਕਰਨ ਤੋਂ ਬਾਅਦ ਮੁਲਜ਼ਮ ਦੀ ਪਛਾਣ ਕਰ ਲਈ ਹੈ। ਦੋਵਾਂ ਵਿਚਾਲੇ ਝਗੜਾ ਹੋਣ ਦੀ ਸੂਚਨਾ ਵੀ ਸਾਹਮਣੇ ਆਈ, ਜਿਸ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਹਮਲਾ ਅਮਰੀਕੀ ਨੌਜਵਾਨ ਨੇ ਕੀਤਾ। ਹਮਲਾਵਰ ਦੀ ਪਛਾਣ ਰਿਚਰਡ ਲੁਈਸ ਦੇ ਵਜੋਂ ਹੋਈ ਹੈ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪਰਿਵਾਰ ਨੇ ਦੱਸਿਆ ਕਿ ਹੇਮੰਤ ਭਾਈ ਦੀ ਇੱਛਾ ਦੇ ਅਨੁਸਾਰ ਉਨ੍ਹਾਂ ਦੇ ਅੰਗ ਦਾਨ ਕੀਤੇ ਜਾਣਗੇ।

# ਡੋਨਾਲਡ ਟਰੰਪ ਨੇ ਕੀਤੀ ਆਪਣੇ ਤੇ ਜੋਅ ਬਾਈਡੇਨ ਦੇ ਡਰੱਗ ਟੈਸਟ ਦੀ ਮੰਗ



ਸੰਯੁਕਤ ਰਾਜ ਅਮਰੀਕਾ 'ਚ ਰਾਸ਼ਟਰਪਤੀ ਚੋਣਾਂ 5 ਨਵੰਬਰ ਨੂੰ ਹੋਣੀਆਂ ਹਨ। ਚੋਣਾਂ ਦੇ ਕੁਝ ਸਮੇਂ ਬਾਅਦ ਚੋਣਾਂ ਦੇ ਨਤੀਜੇ ਵੀ ਸਾਹਮਣੇ ਆਉਣਗੇ ਅਤੇ ਇਹ ਸਪੱਸ਼ਟ ਹੋ ਜਾਵੇਗਾ ਕਿ ਅਮਰੀਕਾ ਦਾ ਅਗਲਾ ਰਾਸ਼ਟਰਪਤੀ ਕੌਣ ਬਣੇਗਾ। ਜੋਅ ਬਾਈਡੇਨ ਅਤੇ ਡੋਨਾਲਡ ਟਰੰਪ ਦੇਸ਼ ਦਾ ਅਗਲਾ ਰਾਸ਼ਟਰਪਤੀ ਬਣਨ ਲਈ ਚੋਣ ਮੈਦਾਨ ਵਿਚ ਆਹਮੋ-ਸਾਹਮਣੇ ਹਨ। ਜੋਅ ਬਾਈਡੇਨ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਹਨ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਹਨ, ਜਦਕਿ ਡੋਨਾਲਡ ਟਰੰਪ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਹਨ ਅਤੇ ਉਹ ਰਿਪਬਲਿਕ ਪਾਰਟੀ ਦੇ ਉਮੀਦਵਾਰ ਹਨ। ਦੋਵਾਂ ਵਿਚਾਲੇ 2020 'ਚ ਵੀ ਚੋਣ ਲੜਾਈ ਹੋਈ ਸੀ, ਜਿਸ 'ਚ ਜੋਅ ਬਾਈਡੇਨ ਜਿੱਤੇ ਸਨ ਅਤੇ ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਸਨ। ਇਸ ਵਾਰ ਵੀ ਦੋਵਾਂ ਵਿਚਾਲੇ ਚੋਣ ਜੰਗ ਹੈ ਪਰ ਇਸ ਤੋਂ ਪਹਿਲਾਂ 27 ਜੂਨ ਅਤੇ 10 ਸਤੰਬਰ ਨੂੰ ਦੋਹਾਂ ਵਿਚਾਲੇ 2 ਚੋਣ ਬਹਿਸ ਹੋਣਗੀਆਂ ਪਰ ਇਸ ਤੋਂ ਪਹਿਲਾਂ ਟਰੰਪ ਨੇ ਇਕ ਵੱਡੀ ਮੰਗ ਉਠਾਈ ਹੈ। ਜੋਅ ਬਾਈਡੇਨ ਅਤੇ ਡੋਨਾਲਡ ਟਰੰਪ ਵਿਚਕਾਰ 27 ਜੂਨ ਨੂੰ ਚੋਣ ਬਹਿਸ ਹੋਵੇਗੀ। ਜਿਸ 'ਚ ਟਰੰਪ ਨੇ ਡਰੱਗ ਟੈਸਟ ਦੀ ਮੰਗ ਕੀਤੀ ਹੈ। ਟਰੰਪ ਨੇ 27 ਜੂਨ ਨੂੰ ਬਾਈਡੇਨ ਨਾਲ ਚੋਣ ਬਹਿਸ ਤੋਂ ਪਹਿਲਾਂ ਬਾਈਡੇਨ ਦੇ ਡਰੱਗ ਟੈਸਟ ਦੀ ਮੰਗ ਕੀਤੀ ਹੈ। ਇੰਨਾ ਹੀ ਨਹੀਂ ਟਰੰਪ ਨੇ ਆਪਣੇ ਡਰੱਗ ਟੈਸਟ ਦੀ ਇਜਾਜ਼ਤ ਵੀ ਦੇ ਦਿੱਤੀ ਹੈ। ਟਰੰਪ ਦਾ ਮੰਨਣਾ ਹੈ ਕਿ ਬਾਈਡੇਨ ਚੋਣ ਬਹਿਸ ਲਈ ਕਾਰਗੁਜ਼ਾਰੀ ਵਧਾਉਣ ਵਾਲੀਆਂ ਦਵਾਈਆਂ ਦੀ ਵਰਤੋਂ ਕਰ ਸਕਦੇ ਹਨ ਤਾਂ ਜੋ ਚੋਣ ਬਹਿਸ 'ਚ ਉਨ੍ਹਾਂ ਦਾ ਪ੍ਰਦਰਸ਼ਨ ਵਧੀਆ ਹੋ ਸਕੇ। ਇਸ ਲਈ ਟਰੰਪ ਇਸ ਬਹਿਸ ਤੋਂ ਪਹਿਲਾਂ ਡਰੱਗ ਟੈਸਟ ਚਾਹੁੰਦੇ ਹਨ ਅਤੇ ਖੁਦ ਆਪਣਾ ਡਰੱਗ ਟੈਸਟ ਕਰਵਾਉਣ ਲਈ ਤਿਆਰ ਹਨ।

# ਬ੍ਰਿਟਿਸ਼ ਪੀਐਮ ਦੀ ਰਿਹਾਇਸ਼ ਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਦੇ ਦੋਸ਼ ਚ ਚਾਰ ਗ੍ਰਿਫਤਾਰ





ਉੱਤਰੀ ਇੰਗਲੈਂਡ 'ਚ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੇ ਰਿਹਾਇਸ਼ੀ ਕੰਪਲੈਕਸ 'ਚ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਦੇ ਦੋਸ਼ 'ਚ ਮੰਗਲਵਾਰ ਨੂੰ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਉੱਤਰੀ ਯੌਰਕਸ਼ਾਇਰ ਪੁਲਸ ਨੇ ਕਿਹਾ ਕਿ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਦੁਪਹਿਰ ਨੂੰ ਇਮਾਰਤ ਤੋਂ ਹਟਾ ਦਿੱਤਾ ਗਿਆ। ਪੁਲਸ ਨੇ ਸਾਰਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ। 'ਯੂਥ ਡਿਮਾਂਡ' ਨਾਮਕ ਇੱਕ ਸਮੂਹ ਨੇ ਇੱਕ ਵੀਡੀਓ ਸਾਂਝਾ ਕੀਤਾ ਹੈ ਜਿਸਦਾ ਇੱਕ ਮੈਂਬਰ ਸੁਨਕ ਦੇ ਰਿਹਾਇਸ਼ੀ ਕੰਪਲੈਕਸ ਵਿੱਚ ਇੱਕ ਛੱਪੜ ਦੇ ਨੇੜੇ ਦਿਖਾਈ ਦਿੰਦਾ ਹੈ। ਇਹ ਘਟਨਾ ਬਰਤਾਨੀਆ ਦੀਆਂ ਆਮ ਚੋਣਾਂ ਤੋਂ ਇਕ ਹਫ਼ਤਾ ਪਹਿਲਾਂ ਵਾਪਰੀ ਹੈ।

# ਦੇਖ ਲਓ ਕੈਨੇਡਾ ਦੇ ਹਾਲ, ਵਧਦੀ ਜਾ ਰਹੀ ਬੇਰੁਜ਼ਗਾਰੀ




ਕੈਨੇਡਾ ਵਿਖੇ ਵੱਡੀ ਗਿਣਤੀ ’ਚ ਵਿਦੇਸ਼ੀ ਵਿਦਿਆਰਥੀ ਹਾਲ ਹੀ ’ਚ ਕੌਫੀ ਅਤੇ ਫਾਸਟ-ਫੂਡ ਚੇਨ ਟਿਮ ਹਾਰਟਨਜ਼ ਵਿਖੇ ਨੌਕਰੀਆਂ ਲਈ ਲਾਈਨ ’ਚ ਖੜ੍ਹੇ ਦੇਖੇ ਗਏ। ਟੋਰਾਂਟੋ ਵਿਚ ਰਹਿਣ ਵਾਲੇ ਇਕ ਭਾਰਤੀ ਵਿਦਿਆਰਥੀ ਨਿਸ਼ਾਤ ਨੇ ਨੌਕਰੀ ਲਈ ਟਿਮ ਹਾਰਟਨਜ਼ ਦੇ ਇਕ ਆਊਟਲੈਟ ਦੇ ਬਾਹਰ ਲੰਬੀ ਕਤਾਰ ਦਾ ਵੀਡੀਓ ਸ਼ੇਅਰ ਕੀਤਾ। ਇਹ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੈਨੇਡਾ ’ਚ ਪਾਰਟ-ਟਾਈਮ ਨੌਕਰੀਆਂ ਲੱਭਣ ’ਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਉਜਾਗਰ ਕਰਦਾ ਹੈ। ਉਸ ਦੇ ਵੀਡੀਓ ’ਤੇ ਕਈ ਹੋਰ ਵਿਦਿਆਰਥੀਆਂ ਨੇ ਵੀ ਕੈਨੇਡਾ ’ਚ ਨੌਕਰੀ ਦੇ ਸੰਕਟ ਅਤੇ ਵਧਦੀ ਬੇਰੁਜ਼ਗਾਰੀ ਬਾਰੇ ਗੱਲ ਕੀਤੀ ਹੈ।

ਟਰੱਕ ਚਲਾਉਣ ਤੋਂ ਇਲਾਵਾ ਕੋਈ ਖ਼ਾਸ ਕੰਮ ਨਹੀਂ

ਭਾਰਤ ’ਚ ਰਹਿੰਦੇ ਇਕ ਹੋਰ ਭਾਰਤੀ ਵਿਦਿਆਰਥੀ ਨੇ ਸੋਸ਼ਲ ਮੀਡੀਆ ’ਤੇ ਲਿਖਿਆ ਕਿ ਕੈਨੇਡਾ ’ਚ ਰੋਜ਼ੀ-ਰੋਟੀ ਕਮਾਉਣ ਲਈ ਕੰਸਟ੍ਰਕਸ਼ਨ ਹੈਲਪਰ ਦਾ ਕੰਮ ਕਰੋ ਜਾਂ ਫਿਰ ਟਰੱਕ ਚਲਾਉਣਾ ਸਿੱਖੋ। ਕੈਨੇਡਾ ’ਚ ਇਨ੍ਹਾਂ ਨੌਕਰੀਆਂ ਦੀ ਮੰਗ ਹੈ।

ਟਰੱਕ ਚਲਾਉਣ ਤੋਂ ਇਲਾਵਾ ਕੋਈ ਖ਼ਾਸ ਕੰਮ ਨਹੀਂ

ਭਾਰਤ ’ਚ ਰਹਿੰਦੇ ਇਕ ਹੋਰ ਭਾਰਤੀ ਵਿਦਿਆਰਥੀ ਨੇ ਸੋਸ਼ਲ ਮੀਡੀਆ ’ਤੇ ਲਿਖਿਆ ਕਿ ਕੈਨੇਡਾ ’ਚ ਰੋਜ਼ੀ-ਰੋਟੀ ਕਮਾਉਣ ਲਈ ਕੰਸਟ੍ਰਕਸ਼ਨ ਹੈਲਪਰ ਦਾ ਕੰਮ ਕਰੋ ਜਾਂ ਫਿਰ ਟਰੱਕ ਚਲਾਉਣਾ ਸਿੱਖੋ। ਕੈਨੇਡਾ ’ਚ ਇਨ੍ਹਾਂ ਨੌਕਰੀਆਂ ਦੀ ਮੰਗ ਹੈ।

# ਜ਼ਿਮਨੀ ਚੋਣਾਂ 'ਚ 30 ਸਾਲ ਬਾਅਦ ਲਿਬਰਲਜ਼ ਦੀ ਹੋਈ ਵੱਡੀ ਹਾਰ, ਖ਼ਤਰੇ 'ਚ ਪਈ ਟਰੂਡੋ ਦੀ ਲੀਡਰਸ਼ਿਪ



ਕੈਨੇਡਾ ਟੋਰਾਂਟੋ-ਸੇਂਟ ਪਾਲ 'ਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਨਾਲ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਟਰੂਡੋ ਦੀ ਲੀਡਰਸ਼ਿਪ ਖ਼ਤਰੇ ਵਿੱਚ ਪੈ ਗਈ ਹੈ।

ਇਲੈਕਸ਼ਨਜ਼ ਕੈਨੇਡਾ ਨੇ ਮੰਗਲਵਾਰ ਨੂੰ ਰਿਪੋਰਟ ਦਿੱਤੀ ਕਿ ਵਿਰੋਧੀ ਕੰਜ਼ਰਵੇਟਿਵ ਉਮੀਦਵਾਰ ਡੌਨ ਸਟੀਵਰਟ ਨੇ ਟੋਰਾਂਟੋ-ਸੇਂਟ ਪਾਲ ਡਿਸਟ੍ਰਿਕਟ ਤੋਂ ਲਗਭਗ 600 ਵੋਟਾਂ ਨਾਲ ਜਿੱਤ ਪ੍ਰਾਪਤ ਕੀਤੀ, ਜੋ ਕਿ ਲਿਬਰਲ ਉਮੀਦਵਾਰ ਦੇ 40.5% ਤੋਂ 42.1% ਵੱਧ ਹੈ। ਸਾਰੇ 192 ਪੋਲਿੰਗ ਸਟੇਸ਼ਨਾਂ ਨੇ ਸੋਮਵਾਰ ਨੂੰ ਹੋਈ ਵੋਟਿੰਗ ਦੇ ਨਤੀਜਿਆਂ ਦੀ ਰਿਪੋਰਟ ਕੀਤੀ।

ਇਨ੍ਹਾਂ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਦ ਜਸਟਿਨ ਟਰੂਡੋ ਨੇ ਇਕ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ, "ਇਹ ਸਪੱਸ਼ਟ ਤੌਰ 'ਤੇ ਉਹ ਨਤੀਜਾ ਨਹੀਂ ਸੀ ਜੋ ਅਸੀਂ ਚਾਹੁੰਦੇ ਸੀ, ਪਰ ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਤੁਹਾਡੀਆਂ ਚਿੰਤਾਵਾਂ ਅਤੇ ਨਿਰਾਸ਼ਾ ਨੂੰ ਦੇਖ ਸਕਦਾ ਹਾਂ। ਇਹ ਆਸਾਨ ਸਮਾਂ ਨਹੀਂ ਹਨ ਅਤੇ ਇਹ ਸਪੱਸ਼ਟ ਹੈ ਕਿ ਮੈਨੂੰ ਅਤੇ ਮੇਰੀ ਪੂਰੀ ਟੀਮ ਨੂੰ ਠੋਸ, ਅਸਲ ਤਰੱਕੀ ਲਈ ਬਹੁਤ ਜ਼ਿਆਦਾ ਮਿਹਨਤ ਕਰਨੀ ਪਵੇਗੀ ਜੋ ਕੈਨੇਡੀਅਨ ਦੇਖ ਅਤੇ ਮਹਿਸੂਸ ਕਰ ਸਕਦੇ ਹਨ।" ਜ਼ਿਕਰਯੋਗ ਹੈ ਕਿ ਲਿਬਰਲਾਂ ਨੇ ਪਿਛਲੇ 30 ਸਾਲਾਂ ਤੋਂ ਵੱਧ ਸਮੇਂ ਤੋਂ ਟੋਰਾਂਟੋ-ਸੇਂਟ ਪਾਲ ਨੂੰ 'ਤੇ ਹਕੂਮਤ ਕਾਇਮ ਕੀਤੀ ਹੋਈ ਸੀ। ਇਹ ਕੈਨੇਡਾ ਦੇ ਹਾਊਸ ਆਫ ਕਾਮਨਜ਼ ਦੀਆਂ 338 ਸੀਟਾਂ ਵਿੱਚੋਂ ਇੱਕ ਹੈ, ਜਿੱਥੇ ਪਾਰਟੀ ਨੂੰ ਕੰਜ਼ਰਵੇਟਿਵ ਪਾਰਟੀ ਦੇ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਹੈ।

ਇਸ ਤੋਂ ਬਾਅਦ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਉਹ ਟਰੂਡੋ ਦਾ ਸਮਰਥਨ ਕਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਉਹ ਹਾਰ ਦੇ ਕਾਰਨਾਂ ਦੀ ਗੱਲ ਨਹੀਂ ਕਰਨਗੇ, ਪਰ ਇੰਨਾ ਜ਼ਰੂਰ ਕਹਿਣਗੇ ਕਿ ਪਾਰਟੀ ਨੂੰ ਕੈਨੇਡੀਅਨ ਲੋਕਾਂ ਦਾ ਯਕੀਨ ਜਿੱਤਣ ਲਈ ਹੁਣ ਹੋਰ ਜ਼ਿਆਦਾ ਮਿਹਨਤ ਕਰਨੀ ਪਵੇਗੀ।

# ਪੰਜਾਬ ਦੀ ਅਸਲੀ ਸੁੰਦਰਤਾ ਦਾ ਅਨੁਭਵ ਕਰਨ ਲਈ ਜਲੰਧਰ ਵਿੱਚ ਇਨ੍ਹਾਂ ਸਥਾਨਾਂ ਦਾ ਦੌਰਾ ਕਰੋ

ਦਿੱਲੀ ਦੇ 20 ਸਭ ਤੋਂ ਮਸ਼ਹੂਰ ਮੰਦਰ ਰਾਜਧਾਨੀ ਦਿੱਲੀ ਹਮੇਸ਼ਾ ਰੌਲੇ-ਰੱਪੇ ਅਤੇ ਭੀੜ ਨਾਲ ਭਰੀ ਰਹਿੰਦੀ ਹੈ। ਇਹ ਸਾਰੀਆਂ ਰਾਜਨੀਤਿਕ ਘਟਨਾਵਾਂ ਦਾ ਕੇਂਦਰ ਹੈ ਅਤੇ ਮੁੰਬਈ ਤੋਂ ਬਾਅਦ ਦੂਜਾ ਸਭ ਤੋਂ ਵੱਧ ਆਬਾਦੀ ਵਾਲਾ ਸ਼ਹਿਰ ਮੰਨਿਆ ਜਾਂਦਾ ਹੈ। ਇਸ ਸਾਰੇ ਹਫੜਾ-ਦਫੜੀ ਦੇ ਵਿਚਕਾਰ, ਦਿੱਲੀ ਦਾ ਇੱਕ ਅਧਿਆਤਮਿਕ ਪੱਖ ਹੈ ਅਤੇ ਸੈਲਾਨੀ ਮੰਦਰਾਂ ਅਤੇ ਹੋਰ ਪਵਿੱਤਰ ਸਮਾਰਕਾਂ ਵਿੱਚ ਜੋ ਸ਼ਾਂਤੀ ਭਰੀ ਹੋਈ ਹੈ, ਉਸਨੂੰ ਦੇਖ ਕੇ ਹੈਰਾਨ ਹੋ ਜਾਣਗੇ। ਇਨ੍ਹਾਂ ਮੰਦਰਾਂ ਦਾ ਸ਼ਾਨਦਾਰ ਅਤੀਤ ਹੈ ਅਤੇ ਦੇਸ਼ ਦੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।



ਕਾਮਨ ਵੈਲਥ ਗੇਮਜ਼ ਪਿੰਡ ਦੇ ਨੇੜੇ NH 24 'ਤੇ ਸਥਿਤ, ਸਤਿਕਾਰਤ ਅਕਸ਼ਰਧਾਮ ਮੰਦਰ ਦੇਖਣ ਲਈ ਇੱਕ ਦ੍ਰਿਸ਼ ਹੈ। ਇਸ ਨੂੰ ਸ਼ੁੱਧਤਾ, ਸ਼ਾਂਤੀ ਅਤੇ ਸ਼ਰਧਾ ਲਈ ਸ਼ਾਂਤ ਸਵਰਗ ਮੰਨਿਆ ਜਾਂਦਾ ਹੈ। ਇਹ ਸ਼ਾਨਦਾਰ ਸੁੰਦਰ ਅਸਥਾਨ ਸਵਾਮੀਨਾਰਾਇਣ ਅਕਸ਼ਰਧਾਮ, ਇੱਕ ਮਹਾਨ ਹਿੰਦੂ ਸੰਤ ਦੇ ਸਨਮਾਨ ਵਿੱਚ ਬਣਾਇਆ ਗਿਆ ਹੈ। ਇਹ ਬੋਚਨਵਾਸੀ ਅਕਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਸੰਸਥਾ, ਇੱਕ ਹਿੰਦੂ ਧਾਰਮਿਕ ਸੰਸਥਾ ਦੁਆਰਾ ਬਣਾਇਆ ਗਿਆ ਸੀ ਅਤੇ ਇਸਦਾ ਆਧਿਕਾਰਿਕ ਤੌਰ 'ਤੇ ਸਾਲ 2005 ਵਿੱਚ ਉਦਘਾਟਨ ਕੀਤਾ ਗਿਆ ਸੀ। ਅਕਸ਼ਰਧਾਮ ਦੇਸ਼ ਭਰ ਵਿੱਚ ਸਭ ਤੋਂ ਵੱਡੇ ਹਿੰਦੂ ਮੰਦਰ ਕੰਪਲੈਕਸਾਂ ਵਿੱਚੋਂ ਇੱਕ ਹੈ। ਇਹ ਬ੍ਰਹਮ ਨਿਵਾਸ ਨਾ ਸਿਰਫ਼ ਪੂਜਾ ਦਾ ਸਥਾਨ ਹੈ ਬਲਕਿ ਸਿੱਖਣ ਅਤੇ ਸਦਭਾਵਨਾ ਨੂੰ ਸਮਰਪਿਤ ਇੱਕ ਸੱਭਿਆਚਾਰਕ ਕੈਂਪਸ ਵੀ ਮਨਾਉਂਦਾ ਹੈ।



ਮੰਦਰ ਇੱਕ ਆਰਕੀਟੈਕਚਰਲ ਰਤਨ ਹੈ ਜੋ 43 ਮੀਟਰ ਦੀ ਉਚਾਈ ਤੱਕ ਵਧਦਾ ਹੈ ਅਤੇ 96 ਮੀਟਰ ਵਿੱਚ ਫੈਲਿਆ ਹੋਇਆ ਹੈ। ਇਹ ਭਾਰਤ ਵਿੱਚ ਵੱਖ-ਵੱਖ ਆਰਕੀਟੈਕਚਰਲ ਸ਼ੈਲੀਆਂ ਦਾ ਇੱਕ ਸ਼ਾਨਦਾਰ ਮਿਸ਼ਰਣ ਹੈ। ਇਹ ਧਾਰਮਿਕ ਚਿੰਨ੍ਹ ਪੂਰੀ ਤਰ੍ਹਾਂ ਗੁਲਾਬੀ ਰੇਤਲੇ ਪੱਥਰਾਂ ਤੋਂ ਬਣਾਇਆ ਗਿਆ ਹੈ ਅਤੇ ਇੱਕ ਗੁੰਝਲਦਾਰ ਢੰਗ ਨਾਲ ਉੱਕਰੀ ਹੋਈ ਬਾਹਰੀ ਹਿੱਸੇ ਨੂੰ ਮਾਣਦਾ ਹੈ। ਅਕਸ਼ਰਧਾਮ 234 ਸਜਾਵਟੀ ਥੰਮ੍ਹਾਂ ਅਤੇ ਹਿੰਦੂ ਸੰਤਾਂ ਦੀਆਂ 220 ਮੂਰਤੀਆਂ ਨਾਲ ਭਰਿਆ ਹੋਇਆ ਹੈ। 3.4 ਮੀਟਰ ਦੀ ਉਚਾਈ ਵਾਲਾ ਸਵਾਮੀਨਾਰਾਇਣ ਦਾ ਮੁੱਖ ਦੇਵਤਾ ਕੇਂਦਰੀ ਗੁੰਬਦ ਵਿੱਚ ਬੈਠਾ ਹੈ ਅਤੇ ਪੰਜ ਧਾਤੂਆਂ (ਪੰਚ ਧਾਤੂ) ਤੋਂ ਬਣੀਆਂ ਉਸਦੇ ਗੁਰੂਆਂ ਦੀਆਂ ਮੂਰਤੀਆਂ ਨਾਲ ਘਿਰਿਆ ਹੋਇਆ ਹੈ।

ਗੌਰੀ ਸ਼ੰਕਰ ਮੰਦਰ, ਚਾਂਦਨੀ ਚੌਕ ਮੁੱਖ ਚਾਂਦਨੀ ਚੌਕ ਰੋਡ 'ਤੇ ਦਿਗੰਬਰ ਜੈਨ ਮੰਦਰ ਦੇ ਨੇੜੇ ਸਥਿਤ, ਗੌਰੀ ਸ਼ੰਕਰ ਮੰਦਰ ਭਗਵਾਨ ਸ਼ਿਵ ਦੀ ਪੂਜਾ ਕਰਦਾ ਹੈ। ਇਹ ਪ੍ਰਾਚੀਨ ਮੰਦਰ ਨਾ ਸਿਰਫ਼ ਸ਼ਰਧਾਲੂਆਂ ਨੂੰ ਦਿਲਾਸਾ ਦਿੰਦਾ ਹੈ ਬਲਕਿ ਇਸ ਨਾਲ ਕਈ ਦਿਲਚਸਪ ਕਹਾਣੀਆਂ ਜੁੜੀਆਂ ਹੋਈਆਂ ਹਨ। ਕਥਾਵਾਂ ਦੇ ਅਨੁਸਾਰ, ਇਹ ਧਾਰਮਿਕ ਸਥਾਨ ਇੱਕ ਮਰਾਠਾ ਸਿਪਾਹੀ ਦੁਆਰਾ ਬਣਾਇਆ ਗਿਆ ਸੀ ਜਿਸਨੇ ਇੱਕ ਮੰਦਰ ਬਣਾਉਣ ਦੀ ਸਹੁੰ ਖਾਧੀ ਸੀ ਜੇਕਰ ਉਹ ਮਹਾਨ ਲੜਾਈ ਵਿੱਚ ਬਚ ਜਾਂਦਾ ਹੈ। ਮੰਦਰ ਵਿੱਚ ਸਥਾਪਤ ਸ਼ਿਵ ਲਿੰਗ ਲਗਭਗ 800 ਸਾਲ ਪੁਰਾਣਾ ਹੈ। ਚਾਂਦੀ ਤੋਂ ਬਣੇ ਸੱਪ ਮੁੱਖ ਦੇਵਤੇ ਨੂੰ ਘੇਰਦੇ ਹਨ ਅਤੇ ਬ੍ਰਹਿਮੰਡ ਦੇ ਕੇਂਦਰ ਨੂੰ ਦਰਸਾਉਂਦੇ ਹਨ। ਸ਼ਿਵ ਲਿੰਗ ਦੇ ਬਿਲਕੁਲ ਉੱਪਰ ਇੱਕ ਛੋਟਾ ਜਿਹਾ ਭਾਂਡਾ ਹੈ ਜਿੱਥੋਂ ਪਾਣੀ ਦੀਆਂ ਬੂੰਦਾਂ ਟਪਕਦੀਆਂ ਰਹਿੰਦੀਆਂ ਹਨ। ਭਗਵਾਨ ਸ਼ਿਵ ਤੋਂ ਇਲਾਵਾ, ਦੇਵੀ ਪਾਰਵਤੀ ਅਤੇ ਉਨ੍ਹਾਂ ਦੇ ਦੋ ਪੁੱਤਰਾਂ, ਗਣੇਸ਼ ਅਤੇ ਕਾਰਤੀਕੇਯ ਦੀਆਂ ਮੂਰਤੀਆਂ ਮਿਲੀਆਂ ਹਨ। ਗੌਰੀ ਅਤੇ ਸ਼ੰਕਰ ਦੀਆਂ ਮੂਰਤੀਆਂ ਸੋਨੇ ਦੇ ਗਹਿਣਿਆਂ ਵਿੱਚ ਸਜੀਆਂ ਹੋਈਆਂ ਹਨ ਅਤੇ ਸ਼ਿਵ ਲਿੰਗ ਦੇ ਪਿੱਛੇ ਇੱਕ ਚਾਂਦੀ ਦੀ ਛੱਤ ਹੇਠ ਖੜ੍ਹੀਆਂ ਹਨ। 1959 ਵਿੱਚ, ਸੇਠ ਜੈਪੁਰਾ ਦੁਆਰਾ ਇਸ ਪਵਿੱਤਰ ਭੂਮੀ ਦੀ ਮੁਰੰਮਤ ਕੀਤੀ ਗਈ ਸੀ ਅਤੇ ਉਸਦਾ ਨਾਮ ਮੰਦਰ ਕੰਪਲੈਕਸ ਵਿੱਚ ਉੱਕਰਿਆ ਹੋਇਆ ਹੈ।






ਕਨਾਟ ਪਲੇਸ ਦੇ ਕੇਂਦਰ ਵਿੱਚ ਸਥਿਤ, ਹਨੂੰਮਾਨ ਮੰਦਰ ਮਹਾਭਾਰਤ ਦੇ ਸਮੇਂ ਤੋਂ ਪਹਿਲਾਂ ਦੀ ਦਿੱਲੀ ਦੇ ਸਭ ਤੋਂ ਪੁਰਾਣੇ ਧਾਰਮਿਕ ਸਥਾਨਾਂ ਵਿੱਚੋਂ ਇੱਕ ਹੈ। ਇਹ ਅਸਲ ਵਿੱਚ ਮਹਾਰਾਜਾ ਮਾਨ ਸਿੰਘ ਪਹਿਲੇ ਦੁਆਰਾ ਬਣਾਇਆ ਗਿਆ ਸੀ ਅਤੇ ਮਹਾਰਾਜਾ ਜੈ ਸਿੰਘ ਦੁਆਰਾ 17ਵੀਂ ਸਦੀ ਵਿੱਚ ਦੁਬਾਰਾ ਬਣਾਇਆ ਗਿਆ ਸੀ। ਇਸ ਮੰਦਿਰ ਵਿੱਚ ਇੱਕ ਸਵੈ-ਪ੍ਰਗਟ ਹਨੂੰਮਾਨ ਦੀ ਮੂਰਤੀ ਹੈ ਜੋ ਚੰਦਰਮਾ ਦੇ ਆਕਾਰ ਵਿੱਚ ਇੱਕ ਗੋਲਾਕਾਰ ਉੱਤੇ ਬੈਠੀ ਹੈ। ਇੱਥੇ ਅਪਣਾਈ ਗਈ ਪੂਜਾ ਸ਼ੈਲੀ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿੱਚ ਦਰਜ ਹੈ। ਭਗਵਾਨ ਹਨੂੰਮਾਨ ਦਾ ਇਹ ਨਿਮਰ ਨਿਵਾਸ ਇੱਕ ਸ਼ਾਨਦਾਰ ਆਰਕੀਟੈਕਚਰ ਦਾ ਮਾਣ ਕਰਦਾ ਹੈ ਜੋ ਪ੍ਰਸ਼ੰਸਾ ਯੋਗ ਹੈ। ਸੰਗਮਰਮਰ ਦੀਆਂ ਪੌੜੀਆਂ ਦੀ ਦੁਰਦਸ਼ਾ ਸੈਲਾਨੀਆਂ ਨੂੰ ਮੁੱਖ ਫੋਇਰ ਵੱਲ ਲੈ ਜਾਂਦੀ ਹੈ ਜਿਸ ਨੂੰ ਵੱਡੇ ਚਾਂਦੀ ਦੇ ਦਰਵਾਜ਼ੇ ਰਾਹੀਂ ਦਾਖਲ ਕੀਤਾ ਜਾ ਸਕਦਾ ਹੈ। ਹਨੂੰਮਾਨ ਦੀਆਂ ਪੇਂਟਿੰਗਾਂ ਨਾਲ ਸ਼ਿੰਗਾਰੀਆਂ ਵਿਸਤ੍ਰਿਤ ਕੰਧਾਂ ਵਿੱਚ ਕਲੇਰੇਸਟੋਰੀ ਵਿੰਡੋਜ਼ ਸੈੱਟ ਕੀਤੀਆਂ ਗਈਆਂ ਹਨ। ਹਿੰਦੂ ਮਹਾਂਕਾਵਿ, ਰਾਮਾਇਣ ਦੇ ਭਗਤੀ ਦ੍ਰਿਸ਼ ਵੀ ਕੰਧਾਂ 'ਤੇ ਦੇਖੇ ਜਾ ਸਕਦੇ ਹਨ। ਹਾਲ ਹੀ ਵਿੱਚ, ਸਰਕਾਰ ਨੇ ਮੰਦਰ ਕੰਪਲੈਕਸ ਵਿੱਚ ਦੇਵੀ-ਦੇਵਤਿਆਂ ਦੀਆਂ ਹੋਰ ਮੂਰਤੀਆਂ ਸਥਾਪਿਤ ਕੀਤੀਆਂ ਹਨ, ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਦੇਖਭਾਲ ਕੀਤੀ ਜਾਂਦੀ ਹੈ।



ਬਿਰਲਾ ਮੰਦਰ, ਕਨਾਟ ਪਲੇਸ ਬਿਰਲਾ ਮੰਦਿਰ ਉਰਫ ਲਕਸ਼ਮੀ ਨਰਾਇਣ ਮੰਦਿਰ ਦਾ ਨਿਰਮਾਣ ਮਸ਼ਹੂਰ ਬਿਜ਼ਨਸ ਟਾਈਕੂਨ ਸ਼੍ਰੀ ਬੀ ਡੀ ਬਿਰਲਾ ਦੁਆਰਾ ਕੀਤਾ ਗਿਆ ਸੀ। ਇਹ ਮੰਦਰ ਮਾਰਗ 'ਤੇ ਸਥਿਤ ਹੈ ਅਤੇ ਬੱਸਾਂ, ਮੈਟਰੋ ਅਤੇ ਕੈਬ ਦੁਆਰਾ ਆਸਾਨੀ ਨਾਲ ਪਹੁੰਚਯੋਗ ਹੈ। ਇਹ ਮੰਦਰ 1938 ਵਿੱਚ ਬਣਾਇਆ ਗਿਆ ਸੀ ਅਤੇ ਫੰਡ ਬਿਰਲਾ ਪਰਿਵਾਰ ਤੋਂ ਆਇਆ ਸੀ। 7 ਏਕੜ ਜ਼ਮੀਨ ਵਿੱਚ ਫੈਲੀ ਇਹ ਧਾਰਮਿਕ ਅਸਥਾਨ ਭਗਵਾਨ ਵਿਸ਼ਨੂੰ ਅਤੇ ਦੇਵੀ ਲਕਸ਼ਮੀ ਨੂੰ ਸਮਰਪਿਤ ਹੈ। ਬਿਰਲਾ ਮੰਦਰ ਵਿੱਚ ਕਈ ਦੇਵੀ-ਦੇਵਤਿਆਂ ਦਾ ਨਿਵਾਸ ਹੈ ਅਤੇ ਭਗਤੀ ਅਭਿਆਸਾਂ ਲਈ ਇੱਕ ਵਿਸ਼ਾਲ ਹਾਲ ਹੈ। ਬਿਰਲਾ ਮੰਦਰ ਦੀ ਆਰਕੀਟੈਕਚਰ ਦੇਖਣਯੋਗ ਹੈ। ਇਹ ਪੂਰੀ ਤਰ੍ਹਾਂ ਲਾਲ ਰੇਤਲੇ ਪੱਥਰ ਤੋਂ ਬਣੀ ਆਮ ਉੜੀਸਾ ਸ਼ੈਲੀ ਵਿੱਚ ਤਿਆਰ ਕੀਤਾ ਗਿਆ ਹੈ। ਇਸ ਵਿੱਚ ਲੰਬੇ ਸਪੀਅਰਸ ਹਨ ਅਤੇ ਸਭ ਤੋਂ ਉੱਚਾ 50 ਮੀਟਰ ਦੀ ਉਚਾਈ ਤੱਕ ਫੈਲਿਆ ਹੋਇਆ ਹੈ। ਸਦੀਵੀ ਅੰਦਰੂਨੀ ਸ਼ਾਨਦਾਰ ਮੂਰਤੀਆਂ ਅਤੇ ਜਾਲੀ ਵਰਕ ਨਾਲ ਉੱਕਰੀ ਹੋਈ ਹੈ ਜੋ ਕਮਾਲ ਦੀ ਦਿਖਾਈ ਦਿੰਦੀ ਹੈ ਅਤੇ ਕਲਪਨਾ ਨੂੰ ਜਗਾਉਂਦੀ ਹੈ। ਮੰਦਰ ਦੇ ਅਹਾਤੇ ਵਿੱਚ ਹਰੇ ਭਰੇ ਬਗੀਚੇ ਅਤੇ ਫੁਹਾਰੇ ਹਨ ਅਤੇ ਅਧਿਕਾਰੀਆਂ ਨੇ ਸੈਲਾਨੀਆਂ ਦੀ ਸਹੂਲਤ ਲਈ ਇੱਕ ਗੈਸਟ ਹਾਊਸ ਵੀ ਬਣਾਇਆ ਹੈ।



ਇਸਕੋਨ ਮੰਦਰ ਸ਼੍ਰੀ ਕ੍ਰਿਸ਼ਨ ਦੇ ਸਨਮਾਨ ਵਿੱਚ ਬਣਾਇਆ ਗਿਆ ਇੱਕ ਪਵਿੱਤਰ ਵੈਸ਼ਨਵ ਮੰਦਰ ਹੈ। ਇਸਦਾ ਅਧਿਕਾਰਤ ਤੌਰ 'ਤੇ 1998 ਵਿੱਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ, ਅਟਲ ਬਿਹਾਰੀ ਵਾਜਪਾਈ ਦੁਆਰਾ ਉਦਘਾਟਨ ਕੀਤਾ ਗਿਆ ਸੀ। ਇਹ ਮੰਦਰ ਦੇਸ਼ ਦੇ ਸਭ ਤੋਂ ਵੱਡੇ ਕੰਪਲੈਕਸਾਂ ਵਿੱਚੋਂ ਇੱਕ ਹੈ। ਇਸ ਵਿੱਚ ਭਾਰਤੀ ਵੈਦਿਕ ਕੇਂਦਰ ਹੈ, ਸੈਲਾਨੀਆਂ ਲਈ ਹਿੰਦੂ ਧਾਰਮਿਕ ਸ਼ਿਲਾਲੇਖਾਂ ਬਾਰੇ ਸਿੱਖਣ ਦਾ ਇੱਕ ਮੌਕਾ, ਮਲਟੀਮੀਡੀਆ ਤਕਨਾਲੋਜੀਆਂ ਦੀ ਮਦਦ ਨਾਲ ਪੇਸ਼ ਕੀਤਾ ਗਿਆ ਹੈ। ਇਸਕੋਨ ਦਿੱਲੀ ਨੂੰ ਪਦਮ ਸ਼੍ਰੀ ਪੁਰਸਕਾਰ ਪ੍ਰਾਪਤ ਇੱਕ ਮਸ਼ਹੂਰ ਭਾਰਤੀ ਆਰਕੀਟੈਕਟ ਅਚਯੁਤ ਕਾਨਵਿੰਦੇ ਦੁਆਰਾ ਸੁੰਦਰਤਾ ਨਾਲ ਬਣਾਇਆ ਅਤੇ ਡਿਜ਼ਾਈਨ ਕੀਤਾ ਗਿਆ ਸੀ। ਕੰਪਲੈਕਸ ਵਿੱਚ ਕਈ ਕਮਰੇ ਹਨ ਜੋ ਪ੍ਰਸ਼ਾਸਨ ਦੇ ਉਦੇਸ਼ਾਂ ਲਈ ਵਰਤੇ ਜਾਂਦੇ ਹਨ। ਇੱਥੇ ਇੱਕ ਪੂਰੀ ਤਰ੍ਹਾਂ ਏਅਰਕੰਡੀਸ਼ਨਡ ਹਾਲ ਹੈ ਜਿਸ ਵਿੱਚ 1500 ਲੋਕਾਂ ਦੇ ਬੈਠਣ ਦੀ ਸਮਰੱਥਾ ਹੈ। ਸਾਰੀਆਂ ਧਾਰਮਿਕ ਰਸਮਾਂ ਅਤੇ ਅਭਿਆਸ ਇੱਥੇ ਹੁੰਦੇ ਹਨ ਅਤੇ ਮੰਦਰ ਦਾ ਦਿਲ ਬਣਾਉਂਦੇ ਹਨ। ਇੱਥੇ 3 ਮੁੱਖ ਅਸਥਾਨ ਹਨ- ਰਾਧਾ-ਕ੍ਰਿਸ਼ਨ, ਸੀਤਾ-ਰਾਮ ਅਤੇ ਗੌਰ-ਨਿਤਾਈ। ਇਸਕੋਨ ਮੰਦਰ ਨੂੰ ਪ੍ਰਸਿੱਧ ਰੂਸੀ ਚਿੱਤਰਕਾਰਾਂ ਦੁਆਰਾ ਚਿੱਤਰਾਂ ਦੇ ਸ਼ਾਨਦਾਰ ਸੰਗ੍ਰਹਿ ਲਈ ਵੀ ਜਾਣਿਆ ਜਾਂਦਾ ਹੈ।



ਸ਼ਿਵਾਜੀ ਮਾਰਗ ਵਿੱਚ ਸਥਿਤ, ਮੰਗਲ ਮਹਾਦੇਵ ਬਿਰਲਾ ਕੰਨਨ ਦੇ ਮੰਦਰ ਦੀ ਪਛਾਣ ਭਗਵਾਨ ਸ਼ਿਵ ਦੀ ਇੱਕ ਉੱਚੀ ਖੜ੍ਹੀ ਮੂਰਤੀ ਦੁਆਰਾ ਕੀਤੀ ਜਾਂਦੀ ਹੈ। 200 ਏਕੜ ਦੇ ਖੇਤਰ ਵਿੱਚ ਫੈਲਿਆ ਇਹ ਸਥਾਨ ਸ਼ਾਂਤੀ ਅਤੇ ਸ਼ਾਂਤੀ ਦਾ ਸੁਮੇਲ ਹੈ। ਮੰਦਿਰ ਦਾ ਪਰਿਸਰ ਸਾਫ਼-ਸੁਥਰਾ ਅਤੇ ਚੰਗੀ ਤਰ੍ਹਾਂ ਸੰਭਾਲਿਆ ਹੋਇਆ ਹੈ। ਅਤੇ ਇੱਥੇ ਸਿਰਫ ਇੱਕ ਸਟਾਲ ਹੈ ਜੋ ਧੂਪ ਅਤੇ ਧਾਰਮਿਕ ਭੇਟਾਂ ਵੇਚਦਾ ਹੈ।ਭਗਵਾਨ ਸ਼ਿਵ ਤੋਂ ਇਲਾਵਾ, ਇਸ ਮੰਦਰ ਵਿੱਚ ਦੇਵੀ ਪਾਰਵਤੀ, ਸੀਤਾ-ਰਾਮ, ਰਾਧਾ-ਕ੍ਰਿਸ਼ਨ, ਭਗਵਾਨ ਗਣੇਸ਼ ਅਤੇ ਭਗਵਾਨ ਕਾਰਤੀਕੇਯ ਦੀਆਂ ਮੂਰਤੀਆਂ ਵੀ ਹਨ। ਕੰਪਲੈਕਸ ਵਿੱਚ ਫੈਲਿਆ ਇੱਕ ਸੁੰਦਰ ਬਾਗ਼ ਹੈ ਅਤੇ ਸੈਲਾਨੀਆਂ ਨੂੰ ਮੁੱਖ ਅਸਥਾਨ ਵੱਲ ਲੈ ਜਾਂਦਾ ਹੈ। ਅਜਿਹੇ ਪਵਿੱਤਰ ਵਾਤਾਵਰਣ ਨਾਲ ਸ਼ਰਧਾਲੂਆਂ ਨੂੰ ਸ਼ਾਂਤੀ ਅਤੇ ਸਕੂਨ ਮਿਲਦਾ ਹੈ।

ਸ਼੍ਰੀ ਦਿਗੰਬਰ ਜੈਨ ਮੰਦਿਰ, ਚਾਂਦਨੀ ਚੌਕ ਸ਼੍ਰੀ ਦਿਗੰਬਰ ਜੈਨ ਮੰਦਿਰ ਦਿੱਲੀ ਵਿੱਚ ਸਭ ਤੋਂ ਪ੍ਰਸਿੱਧ ਜੈਨ ਧਾਰਮਿਕ ਸਮਾਰਕ ਹੈ। ਇਹ ਵੈਟਰਨਰੀ ਬਰਡਜ਼ ਹਸਪਤਾਲ ਲਈ ਜਾਣਿਆ ਜਾਂਦਾ ਹੈ ਜੋ ਮੰਦਰ ਕੰਪਲੈਕਸ ਦੇ ਬਿਲਕੁਲ ਪਿੱਛੇ ਸਥਿਤ ਹੈ। ਇਸ ਧਾਰਮਿਕ ਢਾਂਚੇ ਦਾ ਸ਼ਾਹਜਹਾਂ ਦੇ ਦੌਰ ਦਾ ਇਤਿਹਾਸ ਹੈ। ਉਸਨੇ ਦਰੀਬਾ ਗਲੀ ਦੇ ਆਲੇ ਦੁਆਲੇ ਕੁਝ ਜ਼ਮੀਨ ਕਈ ਜੈਨ ਵਪਾਰੀਆਂ ਨੂੰ ਦਿੱਤੀ ਜਿਨ੍ਹਾਂ ਨੇ ਅੰਤ ਵਿੱਚ 1656 ਵਿੱਚ ਇੱਕ ਧਾਰਮਿਕ ਸਥਾਨ ਬਣਾਇਆ। ਸ਼੍ਰੀ ਦਿਗੰਬਰ ਜੈਨ ਮੰਦਿਰ ਵਿੱਚ ਇੱਕ ਸੁੰਦਰ ਆਰਕੀਟੈਕਚਰ ਹੈ ਜੋ ਦੁਖਦਾਈ ਅੱਖਾਂ ਦਾ ਇਲਾਜ ਕਰਦਾ ਹੈ। ਸਨਮਾਨ ਦਾ ਇੱਕ ਥੰਮ੍ਹ (ਮਨਸਤੰਭ) ਸਮਾਰਕ ਦੇ ਸਾਹਮਣੇ ਉੱਚਾ ਖੜ੍ਹਾ ਹੈ। ਸ਼ਰਧਾ ਵਾਲਾ ਖੇਤਰ ਪਹਿਲੀ ਮੰਜ਼ਿਲ 'ਤੇ ਸਥਿਤ ਹੈ ਅਤੇ ਕਈ ਧਾਰਮਿਕ ਅਸਥਾਨਾਂ ਨਾਲ ਭਰੇ ਇੱਕ ਛੋਟੇ ਜਿਹੇ ਵਿਹੜੇ ਨੂੰ ਪਾਰ ਕਰਨ ਤੋਂ ਬਾਅਦ ਪਹੁੰਚਿਆ ਜਾ ਸਕਦਾ ਹੈ। ਮੰਦਰ ਕੰਪਲੈਕਸ ਵਿੱਚ ਜੈਨ ਧਰਮ ਦੀਆਂ ਕਈ ਤਰ੍ਹਾਂ ਦੀਆਂ ਕਿਤਾਬਾਂ ਨਾਲ ਭਰੀ ਕਿਤਾਬਾਂ ਦੀ ਦੁਕਾਨ ਵੀ ਹੈ। ਸਾਲ 1931 ਵਿੱਚ ਇੱਕ ਜੈਨ ਭਿਕਸ਼ੂ ਸ਼ਾਂਤੀਸਾਗਰ ਨੇ ਲਾਲ ਮੰਦਰ ਦਾ ਦੌਰਾ ਕੀਤਾ ਸੀ।



ਲੋਟਸ ਟੈਂਪਲ, ਕਾਲਕਾਜੀ ਬਹਾਈ ਪੂਜਾ ਘਰ ਨੂੰ ਸਮਰਪਿਤ, ਲੋਟਸ ਟੈਂਪਲ ਦਿੱਲੀ ਦੇ ਪ੍ਰਮੁੱਖ ਆਕਰਸ਼ਣਾਂ ਵਿੱਚੋਂ ਇੱਕ ਹੈ। ਇਹ ਮੰਦਰ ਕਿਸੇ ਵੀ ਧਰਮ, ਜਾਤ ਜਾਂ ਨਸਲ ਦੀ ਪਰਵਾਹ ਕੀਤੇ ਬਿਨਾਂ ਸਾਰਿਆਂ ਲਈ ਖੁੱਲ੍ਹਾ ਹੈ। ਵੱਖ-ਵੱਖ ਕਮਲ ਦੀ ਸ਼ਕਲ ਨੇ ਇਸਨੂੰ ਦੁਨੀਆ ਭਰ ਵਿੱਚ ਪ੍ਰਸਿੱਧ ਬਣਾਇਆ ਹੈ। ਸ਼ਾਂਤ ਮਾਹੌਲ ਦੇ ਨਾਲ ਹਰੇ ਭਰੇ ਹਰੇ ਭਰੇ ਮਾਹੌਲ ਨੇ ਇਸ ਪਵਿੱਤਰ ਸਥਾਨ ਨੂੰ ਸ਼ਾਂਤੀ ਨੂੰ ਗਲੇ ਲਗਾਉਣ ਲਈ ਇੱਕ ਆਦਰਸ਼ ਸਥਾਨ ਬਣਾਇਆ ਹੈ। ਲੋਟਸ ਟੈਂਪਲ ਇੱਕ ਆਰਕੀਟੈਕਚਰਲ ਸ਼ਾਨ ਹੈ ਜੋ ਪੂਰੀ ਤਰ੍ਹਾਂ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ। ਇੱਥੇ 27 ਮੁਫਤ ਖੜ੍ਹੀਆਂ ਸੰਗਮਰਮਰ ਦੀਆਂ ਕਮਲ ਦੀਆਂ ਪੱਤੀਆਂ ਹਨ ਜੋ ਬਿਲਕੁਲ ਮਨਮੋਹਕ ਲੱਗਦੀਆਂ ਹਨ। ਪਾਵਨ ਅਸਥਾਨ ਲਗਭਗ 40 ਮੀਟਰ ਉੱਚਾ ਹੈ ਅਤੇ ਇੱਕ ਸਮੇਂ ਵਿੱਚ ਲਗਭਗ 2000 ਲੋਕਾਂ ਦੇ ਬੈਠ ਸਕਦਾ ਹੈ। ਮੰਦਰ ਨੂੰ 9 ਦਰਵਾਜ਼ਿਆਂ ਨਾਲ ਤਿਆਰ ਕੀਤਾ ਗਿਆ ਹੈ ਜੋ ਮੁੱਖ ਹਾਲ ਲਈ ਖੁੱਲ੍ਹਦੇ ਹਨ।



ਸਾਲ 1973 ਵਿੱਚ ਸਥਾਪਿਤ, ਚਿਤਰੰਜਨ ਪਾਰਕ ਕਾਲੀ ਬਾਰੀ ਅਸਲ ਵਿੱਚ ਭਗਵਾਨ ਸ਼ਿਵ ਨੂੰ ਸਮਰਪਿਤ ਸੀ। ਇਸ ਧਾਰਮਿਕ ਸਥਾਨ ਨੇ 1977 ਵਿੱਚ ਦੁਰਗਾ ਪੂਜਾ ਦੀ ਪਰੰਪਰਾ ਸ਼ੁਰੂ ਕੀਤੀ ਅਤੇ ਇਹ ਅੱਜ ਤੱਕ ਜਾਰੀ ਹੈ। ਸ਼ਾਨਦਾਰ ਕਾਲੀ ਮੰਦਿਰ 1984 ਵਿੱਚ ਬੰਗਾਲੀ ਆਰਕੀਟੈਕਚਰਲ ਸ਼ੈਲੀ ਵਿੱਚ ਬਣਾਇਆ ਗਿਆ ਸੀ। ਇਹ ਅਧਿਆਤਮਿਕ ਨਿਵਾਸ ਬੰਗਾਲੀ ਭਾਈਚਾਰੇ ਲਈ ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਦਾ ਕੇਂਦਰ ਵੀ ਹੈ। ਸਾਲਾਂ ਦੌਰਾਨ, ਇਸ ਮੰਦਰ ਨੇ ਭਾਈਚਾਰੇ ਤੋਂ ਬਹੁਤ ਪ੍ਰਮੁੱਖਤਾ ਪ੍ਰਾਪਤ ਕੀਤੀ ਹੈ ਅਤੇ ਸਾਲ ਭਰ ਸ਼ਰਧਾਲੂ ਅਕਸਰ ਆਉਂਦੇ ਹਨ। ਵਰਤਮਾਨ ਵਿੱਚ, ਮੰਦਰ ਦਾ ਪ੍ਰਬੰਧਨ ਚਿਤਰੰਜਨ ਪਾਰਕ ਕਾਲੀ ਮੰਦਰ ਸੋਸਾਇਟੀ ਦੁਆਰਾ ਕੀਤਾ ਜਾਂਦਾ ਹੈ ਅਤੇ ਕਈ ਸੱਭਿਆਚਾਰਕ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਹੈ ਜੋ ਸਾਰਿਆਂ ਦੁਆਰਾ ਪਿਆਰ ਕੀਤਾ ਜਾਂਦਾ ਹੈ। ਕਾਲੀ ਬਾਰੀ ਚਾਲਾ ਛੱਤ ਦੇ ਨਾਲ ਬੰਗਾਲੀ ਟੈਰਾਕੋਟਾ ਸ਼ੈਲੀ ਦੀ ਆਰਕੀਟੈਕਚਰ ਨੂੰ ਦਰਸਾਉਂਦੀ ਹੈ ਜੋ ਬੰਗਾਲੀ ਰਵਾਇਤੀ ਝੌਂਪੜੀਆਂ ਵਿੱਚ ਪਾਈ ਜਾ ਸਕਦੀ ਹੈ। ਦੇਵੀ ਕਾਲੀ ਦੇ ਮੁੱਖ ਅਸਥਾਨ ਤੋਂ ਇਲਾਵਾ, ਇਸ ਮੰਦਿਰ ਵਿੱਚ ਭਗਵਾਨ ਸ਼ਿਵ ਅਤੇ ਰਾਧਾ-ਕ੍ਰਿਸ਼ਨ ਦੇ ਕਈ ਛੋਟੇ-ਛੋਟੇ ਅਸਥਾਨ ਵੀ ਹਨ। ਕੰਪਲੈਕਸ ਵਿੱਚ ਇੱਕ ਛੋਟੀ ਜਿਹੀ ਖਿੜਕੀ ਦੇ ਨਾਲ ਇੱਕ ਵਿਲੱਖਣ ਲਾਇਬ੍ਰੇਰੀ ਵੀ ਹੈ ਜਿੱਥੇ ਸੈਲਾਨੀ ਝਾਤ ਮਾਰ ਸਕਦੇ ਹਨ ਅਤੇ ਉਹਨਾਂ ਕਿਤਾਬਾਂ ਬਾਰੇ ਪੁੱਛ ਸਕਦੇ ਹਨ ਜੋ ਉਹ ਚਾਹੁੰਦੇ ਹਨ।



